ਮਾਸਕ

ਵਰਿਆਮ

ਮਈ-ਜੂਨ
੧੯੮੪

ਜਿਲਦ ਨੰ: ੯ ਅੰਕ ਨੰ: ੭-੮

ਸੰਪਾਦਕ : ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : ੨-੦੦ ਰੁਪਏ
ਸਾਲਾਨਾ ਚੰਦਾ ਦੇਸ : ੨੦ ਰੁਪਏ

ਸਾਲਾਨਾ ਚੰਦਾ ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ)
,, ,, ਵਿਦੇਸ਼ : ੨੦੦ ਰੁਪਏ (ਹਵਾਈ ਡਾਕ ਰਾਹੀਂ
ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਜਲੰਧਰ-੧੪੪੦੦੧
ਫੋਨ : ੭੨੫੦੪ ਪੀ. ਪੀ.

Office Address
Monthly WARIAM
(Punjabi)
Ladowali Road
Jalandhar-144001
Phone : 72504 PP

ਰਮੇਸ਼ ਜੀ

ਪੰਜਾਬ ਦੀ ਪੱਤ੍ਰਕਾਰੀ ਵਿਚ ਨਿਗਰ ਯੋਗਦਾਨ ਪਾਉਣ ਵਾਲੇ, ਹਿੰਦ ਸਮਾਚਾਰ, ਪੰਜਾਬ ਕੇਸਰੀ ਅਤੇ ਜਗਬਾਣੀ ਦੇ ਸੰਪਾਦਕ ਸ੍ਰੀ ਰਮੇਸ਼ ਜੀ ਇਕ ਸਮਾਗਮ ਤੋਂ ਆਉਂਦਿਆਂ ਅਤਿਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਸਦੀਵੀ ਵਿਛੋੜਾ ਦੇ ਗਏ। ਸ੍ਰੀ ਰਮੇਸ਼ ਬਹੁਤ ਹਰਮਨ ਪਿਆਰੇ ਅਤੇ ਖੂਬਸੂਰਤ ਦਿਲ ਵਾਲੇ ਇਨਸਾਨ ਸਨ ਅਤੇ ਅਪਣੇ ਗੁਣਾਂ ਅਤੇ ਲਿਖਤਾਂ ਕਰਕੇ ਦੁਸ਼ਮਨਾਂ ਵਿਚ ਵੀ ਸਤਿਕਾਰ ਪਾਉਂਦੇ ਸਨ। ਜਲੰਧਰ ਦੇ ਸਮਾਜਕ ਜੀਵਨ ਵਿਚ ਅਪਣੀ ਨਿਰਮਾਨਤਾ ਮਿਲਣਸਾਰੀ ਅਤੇ ਦੂਸਰਿਆਂ ਦੇ ਕੰਮ ਆਉਣ ਦੀ ਲਗਨ ਕਰਕੇ ਬੜੇ ਪਿਆਰੇ ਜਾਂਦੇ ਸਨ। ਉਹਨਾਂ ਦੇ ਵਿਛੋੜੇ ਨੂੰ ਜਿਥੇ ਆਮ ਲੋਕਾਂ ਨੇ ਮਹਿਸੂਸ ਕੀਤਾ ਹੈ ਉਥੇ ਅਖਬਾਰੀ ਹਲਕਿਆਂ ਵਿਚ ਇਸ ਮਹਾਨ ਪੱਤਰਕਾਰ ਦੀ ਮੌਤ ਨਾਲ ਪਏ ਖੱਪੇ ਨੂੰ ਬਹੁਤ ਸ਼ਿਦਤ ਨਾਲ ਅਨੁਭਵ ਕੀਤਾ ਜਾ ਰਿਹਾ ਹੈ। ਹਿੰਦ ਸਮਾਚਾਰ ਪਰਿਵਾਰ ਦੇ ਇਸ ਦੁਖ ਵਿਚ ਵਰਿਆਮ ਪਰਿਵਾਰ ਵੀ ਸ਼ਾਮਲ ਹੈ।

—ਜਗਦੀਸ਼ ਸਿੰਘ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

Sri Satguru Jagjit Singh Ji Elibrary NamdhariElibrary@gmail.com

ਕਹਾਣੀ

ਦੇਸ਼ ਵੀਰ ਨੇ ਕਿਹਾ

—ਜਸਵੰਤ ਸਿੰਘ ਵਿਰਦੀ

ਪਤਾ ਨਹੀਂ ਤੁਸੀਂ ਮੰਨੋਗੇ ਕਿ ਨਹੀਂ। ਪਰ ਮੈਂ ਤੁਹਾਨੂੰ ਜਿਹੜੀ ਗੱਲ ਸੁਣਾ ਰਿਹਾ ਹਾਂ, ਉਹ ਬਿਲਕੁਲ ਹੱਡ ਬੀਤੀ ਹੈ।

ਕੀ ਕਿਹਾ ?...ਹੱਡ ਬੀਤੀ ਵੀ ਕਦੀ ਮੰਨਣਯੋਗ ਨਹੀਂ ਹੁੰਦੀ ?...ਇਹਦੇ ਬਾਰੇ ਬਹਿਸ ਹੋ ਸਕਦੀ ਹੈ। ਪਰ ਤੁਸੀਂ ਮੇਰੀ ਗੱਲ ਜ਼ਰੂਰ ਸੁਣੋਂ। ਮੈਂ ਹਾਲੇ ਤੁਹਾਡੇ ਨਾਲ ਬਹਿਸ ਕਰਨ ਦੇ ਮੂਡ ਵਿਚ ਨਹੀਂ ਹਾਂ।

ਜਿਸ ਤਰ੍ਹਾਂ ਤੁਸੀਂ ਮੇਰੇ ਮਿੱਤਰ ਹੋ, ਇਸੇ ਤਰ੍ਹਾਂ ਹੀ ਉਹ ਹੈ। ਉਸ ਦਾ ਨਾਂ ਦੇਸ਼ ਵੀਰ ਹੈ...ਇਹ ਨਾਂ ਉਸ ਦੇ ਬਾਬੇ ਨੇ ਰੱਖਿਆ ਸੀ।

ਦੇਸ਼ ਵੀਰ ਦਾ ਪਿਤਾ ਵੀ ਇਕ ਮੋਰਚੇ ਵਿਚ ਹੀ ਸ਼ਹੀਦ ਹੋਇਆ ਸੀ ਪਰ ਮੈਂ ਤੁਹਾਨੂੰ ਦੇਸ਼ ਵੀਰ ਜਾਂ ਉਸੇ ਦੇ ਪਿਤਾ ਦੀ ਨਹੀਂ,, ਉਸ ਦੇ ਬਾਬੇ ਦੀ ਗੱਲ ਸੁਣਾ ਰਿਹਾ ਹਾਂ।

ਦੇਸ਼ ਵੀਰ ਨੇ ਮੈਨੂੰ ਆਪਣੇ ਬਾਬੇ ਦਾ ਨਾਂ ਦਸਿਆ ਸੀ ਪਰ ਹੁਣ ਮੈਨੂੰ ਚੇਤੇ ਨਹੀਂ ਰਿਹਾ। ਚੇਤੇ ਆ ਗਿਆ ਤਾਂ, ਫੇਰ ਤੁਹਾਨੂੰ ਦੱਸ ਦਿਆਂਗਾ। ਨਾ ਤਾਂ ਚੇਤੇ ਆਉਣਾ ਚਾਹੀਦਾ ਹੈ। ਬੰਦੇ ਦੀ ਪਛਾਣ ਉਹਦੇ ਨਾਂ ਨਾਲ ਹੀ ਹੁੰਦੀ ਹੈ। ਜਿਹੜੇ ਕਹਿੰਦੇ ਨੇ ਕਿ ਨਾਂ ਵਿਚ ਕੀ ਹੈ। ਉਹ ਕਿੰਨੇ ਦੰਭੀ ਲੋਕ ਨੇ।

ਦੇਸ਼ ਵੀਰ ਹੋਰਾਂ ਦਾ ਪਿੰਡ, ਜਲੰਧਰ ਸ਼ਹਿਰ ਦੇ ਨੇੜੇ ਹੀ ਕਿਤੇ ਹੈ। ਮੈਂ ਉਨ੍ਹਾਂ ਦੇ ਪਿੰਡ ਗਿਆ ਵੀ ਸਾਂ, ਪਰ ਤਕੋ। ਹੁਣ ਪਿੰਡ ਦਾ ਨਾਂ ਵੀ ਚੇਤੇ ਨਹੀਂ ਆ ਰਿਹਾ। ਅਸਲ ਵਿਚ ਮੈਨੂੰ ਕਾਹਲੀ ਇਸ ਗੱਲ ਦੀ ਹੈ ਕਿ ਮੈਂ ਤੁਹਾਨੂੰ ਜਲਦੀ ਨਾਲ ਅਸਲੀ ਵਾਰਤਾ ਸੁਣਾ ਦੇਵਾਂ। ਕਿਤੇ ਇਸ ਤਰ੍ਹਾਂ ਨਾਂ ਹੋਵੇ ਕਿ ਤੁਸੀ ਵਿਚੇ ਹੀ ਛੱਡ ਕੇ...।

ਦੇਸ਼ ਵੀਰ ਦਾ ਬਾਬਾ ਬੱਬਰਾਂ ਦੀ ਆਜ਼ਾਦੀ ਲਹਿਰ ਵਿਚ ਸੀ ਅਤੇ ਵੇਲੇ ਦੀ ਸਰਕਾਰ ਨੇ ਉਹਨੂੰ ਫਾਂਸੀ ਦਾ ਹੁਕਮ ਦਿਤਾ ਸੀ ਪਰ ਉਹ ਆਪਣੇ ਬਹੁਤ ਸਾਰੇ ਸਾਥੀਆਂ ਨਾਲ ਜੇਲ੍ਹ ਵਿਚੋਂ ਸੁਰੰਗ ਕੱਢ ਕੇ ਦੌੜ ਗਿਆ ਸੀ। ਕਾਰਨ ?

"ਜਦੋਂ ਤਕ ਦੇਸ਼ ਆਜ਼ਾਦ ਨਹੀਂ ਹੁੰਦਾ, ਮੈਂ ਨਹੀਂ ਮਰਨਾ।" ਉਹ ਕਹਿੰਦਾ ਸੀ। ਪੂਰੇ ਵਿਸ਼ਵਾਸ ਨਾਲ ਕਹਿੰਦਾ ਸੀ।

ਦੇਖਿਆ, ਬੁਲੰਦ ਹੌਸਲੇ ਇਸ ਦੇਸ਼ ਦੇ ਸੂਰਮੇ ਲੋਕਾਂ ਦੇ।...ਕਈ ਵਾਰ ਮੈਨੂੰ ਲਗਦਾ ਹੈ ਕਿ ਇਨ੍ਹਾਂ ਲੋਕਾਂ ਦੇ ਤੱਪ-ਤੇਜ ਕਰ ਕੇ ਹੀ ਸਾਡਾ ਇਹ ਦੇਸ਼ ਮਹਾਨ ਹੈ। ਪਤਾ ਨਹੀਂ ਇਸ ਧਰਤੀ ਵਿਚ ਕੀ ਤਾਸੀਰ ਹੈ...।

ਪਤਾ ਨਹੀਂ ਤੁਸੀਂ ਕਿਵੇਂ ਸੋਚਦੇ ਹੋਵੋ। ਸੋਚਦੇ ਤਾਂ ਹੋਵੋਂਗੇ ਹੀ।...ਚਲੋ ਬਾਅਦ ਵਿਚ ਮੈਨੂੰ ਦਸ ਦੇਣਾ। ਹਾਲੇ ਮੇਰੀ ਗੱਲ ਸੁਣ ਲਵੋ।

ਉਸ ਵੇਲੇ ਦੇਸ਼ ਵਿਚ ਤਾਂ ਆਜ਼ਾਦੀ ਸੰਗਰਾਮੀ ਦੀ ਜਾਨ ਨੂੰ ਖਤਰਾ ਹੀ ਸੀ, ਇਸ ਲਈ ਦੇਸ਼ ਵੀਰ ਦੇ ਬਾਬੇ ਨੇ ਸੋਚਿਆ ਕਿ ਦੇਸ਼ੋਂ ਬਾਹਰ ਜਾ ਕੇ ਦੇਸ਼ ਦੀ ਆਜ਼ਾਦੀ ਵਾਸਤੇ ਕੰਮ ਕਰਨਾ ਚਾਹੀਦਾ ਹੈ। ਦੁਨੀਆਂ ਨੂੰ ਵੀ ਤਾਂ ਪਤਾ ਲਗੇ ਕਿ ਵਿਦੇਸ਼ੀ ਹਾਕਮ ਕਿੰਨੇ ਜਾਬਰ ਨੇ।

ਹੁਣ ਇਹ ਨਹੀਂ ਮੈਨੂੰ ਪਤਾ ਕਿ ਉਹ ਕੈਦ ਪਹਿਲਾਂ ਹੋਇਆ ਸੀ ਕਿ ਦੇਸ਼ੋਂ ਬਾਹਰ ਪਹਿਲਾਂ ਗਿਆ ਸੀ ? ਮੈਂ ਇਹਦੇ ਬਾਰੇ ਸੋਚਿਆ ਵੀ ਨਹੀਂ। ਦੇਸ਼ ਵੀਰ ਨੇ ਵੀ ਨਹੀਂ ਸੀ ਦਸਿਆ।...ਦੇਸ਼ ਵੀਰ ਨੇ ਆਪਣੇ ਬਾਬੇ ਦੀ ਜਿਹੜੀ ਵਾਰਤਾ ਮੈਨੂੰ ਸੁਣਾਈ ਸੀ ਉਹਦੀਆਂ ਕਈ ਤੰਦਾਂ ਉਘੜ ਹੋ ਗਈਆਂ ਹਨ। ਅਸਲ ਵਿਚ ਹੁਣ ਮੈਨੂੰ ਕਈ ਗੱਲਾਂ ਚੇਤੇ ਵੀ ਨਹੀਂ ਰਹਿੰਦੀਆਂ। ਇਹਦਾ ਕੀ ਕੀਤਾ ਜਾਵੇ ?...ਕੁਝ ਹੋ ਸਕਦਾ ਹੈ ?...ਸ਼ਾਇਦ ਨਹੀਂ।

ਦੇਸ਼ ਵੀਰ ਦਾ ਕਹਿਣਾ ਸੀ ਉਸ ਦਾ ਬਾਬਾ ਕਾਮਾ-ਗਾਟਾ ਮਾਰੂ ਜਹਾਜ਼ ਵਿਚ ਬੈਠ ਕੇ ਆਪਣੇ ਹੋਰ ਆਜ਼ਾਦੀ ਸੰਗਰਾਮੀਏ ਸਾਥੀਆਂ ਨਾਲ ਕਨੇਡਾ ਤੇ ਅਮਰੀਕਾ ਵਲ ਗਿਆ ਸੀ ਪਰ ਉਸ ਜਹਾਜ਼ ਨੂੰ ਕਿਉਂਕਿ ਉਨ੍ਹਾਂ ਦੇਸ਼ਾਂ ਦੀਆਂ ਗੋਰੀਆਂ ਸਰਕਾਰਾਂ ਨੇ ਭਾਰਤ ਦੇ ਪਾਣੀਆਂ ਵਲ ਮੋੜ ਦਿਤਾ ਸੀ, ਇਸ ਲਈ ਦੇਸ਼ ਵੀਰ ਦਾ ਬਾਬਾ ਵੀ ਵਾਪਸ ਆ ਗਿਆ ਅਤੇ ਕੈਦ ਕਰ ਲਿਆ ਗਿਆ।

ਕਾਮਾਗਾਟਾ ਮਾਰੂ ਜਹਾਜ਼ ਦੇ ਸਾਕੇ ਬਾਰੇ ਮੈਂ ਤੁਹਾਨੂੰ ਕੁਝ ਦਸਾਂ ?

ਲੋੜ ਨਹੀਂ ?

ਚਲੋ ਠੀਕ ਹੈ...ਤੁਸੀਂ ਕੀ ਨਹੀਂ ਜਾਣਦੇ। ਲਉ ਸੰਖੇਪ ਕਰ ਦਿੰਦਾ ਹਾਂ। ਤੁਸੀਂ ਸੁਣੋ ਤਾਂ ਸਹੀ।

ਜਦੋਂ ਦੇਸ਼ ਵੀਰ ਦਾ ਬਾਬਾ ਆਪਣੇ ਘਰ ਪਰਤਿਆ ਤਾਂ ਉਹਨੂੰ ਪਤਾ ਲੱਗਾ ਕਿ ਉਹਦੀ ਘਰ ਵਾਲੀ ਮਰ ਗਈ

Sri Satguru Jagjit Singh Ji Elibrary NamdhariElibrary@gmail.com

ਸੀ ਅਤੇ ਉਸ ਦੇ ਦੋਵਾਂ ਪੁੱਤਰਾਂ ਨੂੰ ਉਹਦਾ ਭਰਾ ਅਤੇ ਭਰਜਾਈ ਪਾਲ-ਪੋਸ ਰਹੇ ਸਨ। ਬਿਲਕੁਲ ਆਪਣੇ ਪੁੱਤਰ ਬਣਾ ਕੇ ਹੀ...!

ਫੇਰ ਇਕ ਦਿਨ ਕੀ ਹੋਇਆ ਕਿ ਉਸ ਬਜ਼ੁਰਗ ਦਾ ਭਰਾ ਵੀ ਚਲਾਣਾ ਕਰ ਗਿਆ।...ਅਸਲ ਵਿਚ ਉਹਨੂੰ ਸਾਹ ਦੀ ਬਿਮਾਰੀ ਸੀ ਅਤੇ ਉਹਦੀ ਸਰਦੀ ਬੜੀ ਔਖੀ ਲੰਘਦੀ ਸੀ। ਉਸ ਸਰਦੀ ਨੇ ਉਹਨੂੰ ਨਿੱਸਲ ਕਰ ਦਿਤਾ ਜਿਸ ਕਰ ਕੇ ਉਹਦਾ ਸਾਹ ਸਦਾ ਲਈ ਬੰਦ ਹੋ ਗਿਆ। ਜੋ ਭਾਣਾ ਕਰਤਾਰ ਦਾ।

ਮਰਨ ਵਾਲੇ ਦੀਆਂ ਦੋ ਧੀਆਂ ਸਨ। ਉਸ ਦੀ ਘਰ ਵਾਲੀ ਵੀ ਹਾਲੇ ਬੁੱਢੀ ਨਹੀਂ ਸੀ ਹੋਈ। ਦਿੱਖ ਦੀ ਉਹ ਚੰਗੀ ਹੀ ਸੀ।

ਸਾਡੇ ਘਰਾਂ ਵਿਚ ਅਕਸਰ ਇਸ ਤਰ੍ਹਾਂ ਹੁੰਦਾ ਹੈ ਕਿ ਮਰਨ ਵਾਲੇ ਭਰਾ ਦੀ ਜ਼ਨਾਨੀ ਦੂਸਰਾ ਭਰਾ ਆਸਰਾ ਦੇਣ ਲਈ ਆਪਣੇ ਘਰ ਵਸਾ ਲੈਂਦਾ ਹੈ। ਉਹ ਕਹਿੰਦਾ ਹੈ, "ਭਲੀਏ ਮਾਨਸੇ ! ਤੂੰ ਮੇਰੀ ਰੋਟੀ ਵੀ ਪਕਾ ਅਤੇ ਮੇਰਾ ਬਿਸਤਰਾ ਵੀ ਵਿਛਾ।"

ਚਾਦਰ ਪਾਉਣ ਦੀ ਰੀਤ ਇਹੋ ਹੀ ਹੈ।

ਤੁਸੀਂ ਸੋਚਦੇ ਹੋਵੋਗੇ ਕਿ ਦੇਸ਼ ਵੀਰ ਦੇ ਬਾਬੇ ਨੇ ਆਪਣੇ ਮਰਨ ਵਾਲੇ ਭਰਾ ਦੀ ਘਰਵਾਲੀ ਅਰਥਾਤ ਆਪਣੀ ਅਧਖੜ ਭਰਜਾਈ ਨੂੰ ਕਿਹਾ ਹੋਵੇਗਾ, "ਭਾਗੋ ! ਰੱਬ ਦਾ ਭਾਣਾ ਅਟੱਲ ਹੈ। ਹੁਣ ਤੂੰ ਮੇਰੀ ਰੋਟੀ ਪਕਾ...ਤੇ ਆਪਾਂ ਇਕ-ਦੂਸਰੇ ਦੇ ਸਹਾਰੇ ਦਿਨ ਕੱਟ ਲਵਾਂਗੇ।"

ਨਹੀਂ ! ਇਸ ਤਰ੍ਹਾਂ ਨਹੀਂ ਹੋਇਆ। ਇਸ ਕਰਕੇ ਹੀ ਮੈਂ ਤੁਹਾਨੂੰ ਇਹ ਵਾਰਤਾ ਸੁਣਾ ਰਿਹਾ ਹਾਂ।

ਦੇਸ਼ ਵੀਰ ਦੇ ਬਾਬੇ ਨੇ ਆਪਣੀ ਭਰਜਾਈ ਭਾਗੋ ਨੂੰ ਕੋਲ ਬੁਲਾ ਕੇ ਕਿਹਾ ਸੀ "ਬੇਟੀ ! ਜੋ ਹੋਣਾ ਸੀ, ਹੋ ਗਿਐ। ਆਪਾਂ ਹੁਣ ਪਿਓ-ਧੀ ਬਣ ਕੇ ਇਸ ਘਰ 'ਚ ਰਹੀਏ ਤੇ ਆਪਣੇ ਬੱਚੇ ਪਾਲ ਲਈਏ'

ਫੇਰ ਉਹਨੇ ਆਪਣੀ ਭਰਜਾਈ ਦੇ ਹੰਝੂ ਪੂੰਝ ਕੇ ਕਿਹਾ, "ਮੈਂ ਜੀਣਾ ਚਾਹੁੰਦਾ ਹਾਂ ਤਾਂ ਕਿ ਦੇਸ਼ ਨੂੰ ਆਜ਼ਾਦ ਹੁੰਦਿਆਂ ਵੇਖ ਸਕਾਂ। ਪਰ ਤੇਰੇ ਲਈ ਪਿਤਾ ਸਮਾਨ ਹੋਵਾਂਗਾ।"

"ਸਤਿ ਬਚਨ !" ਭਾਗੋ ਨੇ ਸਿਰ ਝੁਕਾ ਕੇ ਕਿਹਾ ਸੀ। ਉਸ ਨੂੰ ਮਹਿਸੂਸ ਹੋਇਆ ਸੀ ਜਿਵੇਂ ਕਿ ਸਚਮੁੱਚ ਹੀ ਹੀ ਉਹਨੂੰ ਆਪਣੇ ਪਿਤਾ ਦਾਂ ਆਸਰਾ ਮਿਲ ਗਿਆ ਹੋਵੇ।

ਦੇਸ਼ ਵੀਰ ਦੇ ਬਾਬੇ ਨੇ ਆਪਣੇ ਪੁੱਤਰਾਂ ਅਤੇ ਭਤੀਜੀਆਂ ਦੇ ਦਿਲਾਂ ਵਿਚ ਦੇਸ਼ ਦੀ ਆਜ਼ਾਦੀ ਲਈ ਦਰਦ ਪੈਦਾ ਕੀਤਾ ਅਤੇ ਉਨ੍ਹਾਂ ਨੂੰ ਪੜ੍ਹਾ ਲਿਖਾ ਕੇ ਵਡੇ ਅਹੁਦਿਆਂ ਤੇ ਨਹੀਂ ਲਗਵਾਇਆ ਸਗੋਂ ਲੋਕ ਸੇਵਾ ਦੇ ਮੈਦਾਨ ਵਿਚ ਭੇਜਿਆ। ਜੀ ਹਾਂ, ਖੱਟੀ ਕਰਨ ਲਈ ਹੋਰ ਬੜੇ ਲੋਕ ਨੇ। ਦੇਸ਼ ਭਗਤਾਂ ਨੇ ਕੀ ਖੱਟੀ ਕਰਨੀ ਹੈ।

ਦੇਸ਼ ਵੀਰ ਆਪਣੇ ਬਾਬੇ ਦੇ ਦੋਵਾਂ ਪੁੱਤਰਾਂ ਵਿਚੋਂ ਕਿਸੇ ਇਕ ਦਾ ਪੁੱਤਰ ਹੈ। ਉਸ ਦੀਆਂ ਦੋਵੇਂ ਭੂਆ ਵੀ ਭਲੇ-ਵੇਲਿਆਂ ਵਿਚ ਡਾਕਟਰ ਸਨ।...ਕਹਿੰਦੇ ਨੇ ਕਿ ਉਹ ਰੋਗੀਆਂ ਕੋਲੋਂ ਦਸ ਪੈਸਿਆਂ ਤੋਂ ਵਧ ਫੀਸ ਨਹੀਂ ਸਨ ਲੈਂਦੀਆਂ। ਉਨ੍ਹਾਂ ਵਿਚ ਜ਼ਰੂਰ ਇਸ ਦੇਸ਼ ਦੀ ਆਤਮਾ ਦਾ ਨਿਵਾਸ ਹੋਵੇਗਾ।

ਦੇਸ਼ ਵੀਰ ਕਹਿੰਦਾ ਹੈ ਕਿ ਉਸ ਦਾ ਬਾਬਾ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ ਹੀ ਪੂਰਾ ਹੋ ਗਿਆ। ਉਹ ਆਜ਼ਾਦ ਦੇਸ਼ ਵਿਚ ਨਾ ਜੀਓ ਸਕਿਆ।...ਹਾਂ ਠੀਕ ਹੈ।

ਤੁਸੀਂ ਵੀ ਕਈ ਦੇਸ਼ ਭਗਤਾਂ ਦੇ ਇਸ ਤਰ੍ਹਾਂ ਦੇ ਦ੍ਰਿਸ਼ਟਾਂਤ ਪੜ੍ਹੇ ਤੇ ਸੁਣੇ ਹੋਣਗੇ ਅਤੇ ਇਹ ਬਹੁਤ ਹੀ ਮੰਦ ਭਾਗੀ ਹਕੀਕਤ ਹੈ।

ਮੈਂ ਸੋਚਦਾ ਹਾਂ ਜੇ ਕਰ ਉਹ ਬਜ਼ੁਰਗ ਦੇਸ਼ ਨੂੰ ਆਜ਼ਾਦ ਹੁੰਦਿਆ ਵੇਖ ਲੈਂਦਾ ?

ਪਤਾ ਨਹੀਂ ਤੁਸੀਂ ਕੀ ਸੋਚਦੇ ਹੋਵੋ ? ਪਰ ਦੇਸ਼ ਵੀਰ ਕਹਿੰਦਾ ਹੈ, "ਠੀਕ ਹੀ ਹੋ ਗਿਆ।...ਸਾਡਾ ਬਾਬਾ ਅ ਜ਼ਾਦ ਦੇਸ਼ ਵਿਚ ਨਾ ਜੀਉਂ ਸਕਦਾ।"

"ਕਿਉਂ ਬਈ ?" ਮੈਂ ਉਹਨੂੰ ਪੁਛਿਆ। ਕਈ ਵਾਰ ਪੁਛਿਆ। ਉੱਤਰ ਵਿਚ ਦੇਸ਼ ਵੀਰ ਬਹੁਤ ਹੀ ਗੰਭੀਰਤਾ ਨਾਲ ਕਹਿੰਦਾ ਹੈ, "ਦੇਸ਼ ਦੇ ਆਜ਼ਾਦ ਹੋਣ ਮਗਰੋਂ ਜੋ ਕੁਝ ਇਥੇ ਹੋਇਆ, ਉਸ ਨੂੰ ਉਹ ਬਰਦਾਸ਼ਤ ਨਾ ਕਰ ਸਕਦਾ।"

ਦੇਸ਼ ਵੀਰ ਦੀ ਇਹ ਗੱਲ ਮੈਨੂੰ ਅੰਦਰ ਤਕ ਝੰਜੋੜ ਰਹੀ ਹੈ। ਅਜ ਵੀ...।

ਲਓ ਵਾਰਤਾ ਤਾਂ ਖਤਮ ਹੋ ਗਈ ਹੈ। ਤੁਹਾਡੇ ਮਨ ਵਿਚ ਜੇਕਰ ਕੋਈ ਸਵਾਲ ਛਟਪਟਾ ਰਿਹਾ ਹੈ ਤਾਂ ਉਹ ਤੁਸੀ ਦੇਸ਼ ਵੀਰ ਨਾਲ ਕਰ ਲੈਣਾ। ਦੇਸ਼ ਵੀਰ ਮੇਰੇ ਲਈ ਇਸੇ ਤਰ੍ਹਾਂ ਹੀ ਮਿੱਤਰ ਹੈ ਜਿਵੇਂ ਕਿ ਤੁਸੀ ਹੋ। ਉਹਨੂੰ ਮੈਂ ਇਵੇਂ ਹੀ ਜਾਣਦਾ ਹਾਂ ਜਿਵੇਂ ਕਿ ਤੁਹਾਨੂੰ।...ਇਸ ਦੇਸ਼ ਵਿਚ ਤੁਹਾਨੂੰ ਉਹ ਕਿਤੇ ਨਾ ਕਿਤੇ ਮਿਲ ਹੀ ਜਾਵੇਗਾ।

ਤੁਸੀਂ ਪੁਛਦੇ ਹੋ "ਉਹ ਕਿਥੇ ਹੋਵੇਗਾ ? ਉਹ ਜੀਉਂਦਾ ਵੀ ਹੈ ਕਿ ਨਹੀਂ ?"

ਮੈਂ ਦਸਨਾ ਹਾਂ।

ਦੇਸ਼ ਵੀਰ ਦੇ ਬਾਬੇ ਨੇ ਉਹਦੇ ਦਿਲ ਵਿਚ ਇਕ ਖੁਸ਼ਹਾਲ ਦੇਸ਼ ਦਾ ਜਿਹੜਾ ਸੁਪਨਾ ਧੜਕਾਇਆ ਸੀ, ਉਹ ਹਾਲੇ ਤਕ ਵੀ ਧੁੰਦਲਾ ਨਹੀਂ ਹੋਇਆ। ਇਸ ਲਈ ਉਹ ਜੀਓਂਦਾ ਹੈ। ●

Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

FREE INDIA GUN MANUFACTURERS

(Industrial Estate, Extention Area, Jammu Cantt.)

Phone No. 43260



(SINGLE BARREL OR DOUBLE BARREL) 12 Bore Guns

Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE

Sri Satguru Jagjit Singh Ji Elibrary NamdhariElibrary@gmail.com

ਰਾਜ ਕੁਮਾਰੀ

—ਜਮਨਾ ਦਾਸ ਅਖਤਰ

ਸੰਨ ੧੯੪੭ ਫਿਰਕੂ ਫਸਾਦਾਂ ਨੇ ਸਮਾਜੀ ਰਿਸ਼ਤਿਆਂ ਵਿਚ ਬਹੁਤ ਤਬਦੀਲੀਆਂ ਲਿਆਂਦੀਆਂ। ਸਦਾ ਹੀ ਅਜਿਹੇ ਮੌਕੇ ਵਸਦੇ ਰਸਦੇ ਘਰਾਂ ਨੂੰ ਤੋੜਣ ਵਾਲੇ ਹੁੰਦੇ ਹਨ। ਅਜਿਹੇ ਸਮੇਂ ਅਣਹੋਣੀਆਂ ਵਾਪਰਦੀਆਂ ਹਨ। ਸੰਨ ੧੯੪੭ ਵਿਚ ਪਰਿਵਾਰੋਂ ਵਿਛੜੀ ਇਕ ਧੀ ਦੀ ਦਾਸਤਾਨ ਇਥੇ ਹਾਜ਼ਰ ਹੈ।

—ਸੰਪਾਦਕ

ਮਾਰਚ ੧੯੯੨ ਦੇ ਅੰਤਲੇ ਹਫਤੇ ਮੈਨੂੰ ਪਾਕਿਸਤਾਨ ਦੇ ਸ਼ਹਿਰ ਮੁਲਤਾਨ ਤੋਂ ਇਕ ਚਿੱਠੀ ਮਿਲੀ। ਚਿੱਠੀ ਲਿਖਣ ਵਾਲੇ ਦਾ ਨਾਂ ਮੁਹੰਮਦ ਯੂਸਫ ਅਵਾਨ ਸੀ। ਉਹ ਮੈਡੀਕਲ ਕਾਲਜ ਦਾ ਵਿਦਿਆਰਥੀ ਸੀ। ਉਸ ਨੇ ੨੮ ਫਰਵਰੀ ਨੂੰ ਰੋਜ਼ਨਾਮਾ ''ਨਿਵਾਏ-ਵਕਤ'' (ਲਾਹੌਰ) ਵਿਚ ਮੇਰਾ ਇਕ ਮਜ਼ਮੂਨ ਪੜ੍ਹਿਆ, ਅਤੇ ਐਡੀਟਰ ''ਨਿਵਾਏ-ਵਕਤ'' ਤੋਂ ਮੇਰਾ ਪਤਾ ਪੁਛਿਆ ਅਤੇ ਦੋ ਸਫਿਆਂ ਤੇ ਆਧਾਰਤ ਇਕ ਖਤ ਮੇਰੇ ਨਾਂ ਲਿਖਿਆ। ਉਸ ਮਜ਼ਮੂਨ ਵਿਚ ਮੈਂ ਪਾਕਿਸਤਾਨ ਚੋਂ ਹਿੰਦੂ-ਸਿੱਖ ਅਗਵਾ ਸ਼ੁਦਾ ਲੜਕੀਆਂ ਨੂੰ ਛੁਡਾਉਣ ਦੇ ਸਬੰਧ ਵਿਚ ੧੯੪੮ ਦੇ ਆਪਣੇ ਦੌਰੇ ਦਾ ਜ਼ਿਕਰ ਕੀਤਾ ਸੀ। ਇਸੇ ਮਜ਼ਮੂਨ ਤੋਂ ਹੀ ਪ੍ਰਭਾਵਤ ਹੋ ਕੇ ਮੁਹੰਮਦ ਯੂਸਫ ਨੇ ਖਤ ਲਿਖਿਆ ਕਿ ੧੯੪੭ ਦੇ ਫਿਰਕੂ ਫਸਾਦਾਂ ਵਿਚ ਮੀਆਂਵਾਲੀ ਦੇ ਸ੍ਰੀ ਹੋਤਾ ਰਾਮ ਸੱਚਦੇਵ ਦੀ ੧੨ ਵਰ੍ਹਿਆਂ ਦੀ ਧੀ ਰਾਜ ਕੁਮਾਰੀ ਆਪਣੇ ਮਾਪਿਆਂ ਤੋਂ ਵਿੱਛੜ ਗਈ ਸੀ, ਹੁਣ ਉਸਦੀ ਉਮਰ ੫੦ ਸਾਲ ਹੈ। ਉਸ ਦੇ ਪੁਤਰ ਅੱਜ ਉੱਚ ਵਿਦਿਆ ਪ੍ਰਾਪਤ ਕਰਨ ਪਿਛੋਂ ਉਚੀਆਂ ਪਦਵੀਆਂ ਤੇ ਲੱਗੇ ਹੋਏ ਹਨ, ਪਰ ਉਸ ਬੀਬੀ ਦੇ ਮਨ ਵਿਚ ਅੱਜ ਵੀ ਇਹ ਖਾਹਿਸ਼ ਅੰਗੜਾਈਆਂ ਲੈ ਰਹੀ ਹੈ ਕਿ ਉਹ ਆਪਣੇ ਪਰਿਵਾਰ ਦੇ ਲੋਕਾਂ ਨੂੰ ਮਿਲੇ।

ਇਸ ਪਿਛੋਂ ਉਸ ਚਿੱਠੀ ਵਿਚ ਰਾਜਕੁਮਾਰੀ ਦੀਆਂ ਭੈਣਾਂ, ਭਰਾ ਅਤੇ ਦੂਜੇ ਰਿਸ਼ਤੇਦਾਰਾਂ ਦੇ ਨਾਂ ਦਰਜ ਸਨ। ਯੂਸਫ ਨੇ ਲਿਖਿਆ ਸੀ, ਕਿ ਉਹਨਾਂ ਲੋਕਾਂ ੧੯੪੭ ਵਿਚ ਅੰਬਾਲੇ ਜਾਂ ਜਲੰਧਰ ਵਿਖੇ ਆਬਾਦ ਹੋਣ ਦੀ ਸਲਾਹ ਕੀਤੀ ਸੀ ਅਤੇ ਬੈਂਕ ਰਾਹੀਂ ਕੁਝ ਰਕਮ ਅੰਬਾਲੇ ਟਰਾਂਸਫਰ ਵੀ ਕਰਵਾਈ ਸੀ। ਯੂਸਫ ਨੇ ਲਿਖਿਆ ਕਿ ਮੈਂ ਉਹਨਾਂ ਲੋਕਾਂ ਦਾ ਪਤਾ ਕਰਾਂ। ਉਸ ਨੇ ਆਪਣਾ ਪਤਾ ਵੀ ਖਤ ਵਿਚ ਲਿਖਿਆ :—ਮੁਹੰਮਦ ਯੂਸਫ ਅਵਾਨ, ਮਾਰਫਤ ਮੁਹੰਮਦ ਰਫ਼ੀਕ ਡਿਪੋ ਹੋਲਡਰ, ਖੁਦਾਦਾਦ ਕਾਲੋਨੀ, ਸ਼ੇਰ ਸ਼ਾਹ ਰੋਡ, ਮੁਲਤਾਨ (ਪਾਕਿਸਤਾਨ)

ਮੈਂ ਚਿੱਠੀ ਦਾ ਉਤਰ ਝੱਟ ਦੇ ਦਿੱਤਾ ਅਤੇ ਇਸ ਤੋਂ ਪਿਛੋਂ ਪੰਜਾਬ ਦੇ ਕੁਝ ਅਖਬਾਰਾਂ ਵਿਚ ''ਰਾਜਕਮਾਰੀ ਜਿਉਂਦੀ ਹੈ!' ਦੇ ਸਿਰਲੇਖ ਹੇਠ ਇਕ ਇਸ਼ਤਿਹਾਰ ਛਪਵਾਇਆ। ਇਸ ਤੋਂ ਇਕ ਹਫਤਾ ਪਿਛੋਂ ਮੈਨੂੰ ਵੱਖਰੇ ਵੱਖਰੇ ਸ਼ਹਿਰਾਂ ਤੋਂ ਕਈ ਖਤ ਆਏ। ਇਕ ਖਤ ਚੰਡੀਗੜ੍ਹ ਤੋਂ ਸ੍ਰੀ ਹਰਕਿਸ਼ਨ ਲਾਲ ਸੱਚਦੇਵ ਦਾ ਮਿਲਿਆ, ਜੋ ਰਾਜ ਕੁਮਾਰੀ ਦਾ ਭਰਾ ਹੈ। ਇਕ ਹੋਰ ਖਤ ਉਸੇ ਸ਼ਹਿਰ ਤੋ ਸ੍ਰੀ ਹੰਸ ਰਾਜ ਦਾ ਮਿਲਿਆ, ਜੋ ਰਾਜ ਕੁਮਾਰੀ ਦਾ ਮਾਮਾ ਹੈ।

ਰਾਜ ਕੁਮਾਰੀ ਦਾ ਇਕ ਜੀਜਾ ਜੋ ਸਟੇਟ ਬੈਂਕ ਆਫ ਇੰਡੀਆ ਦਿੱਲੀ ਵਿਚ ਕੰਮ ਕਰਦਾ ਹੈ, ਮੈਨੂੰ ਮੇਰੇ ਘਰ ਆ ਕੇ ਮਿਲਿਆ। ਇਕ ਹੋਰ ਚਿੱਠੀ ਨਾਭੇ ਤੋਂ ਇਸ ਪਰਿਵਾਰ ਦੇ ਮਿਤ੍ਰ ਸ੍ਰੀ ਹਕੀਮ ਚੰਦ ਦੀ ਮਿਲੀ। ਇਕ ਚਿੱਠੀ ਹਰਦਵਾਰ ਤੋਂ ਚਰਨ ਸਿੰਘ ਨਾਂ ਦੇ ਪਾਂਡੇ ਨੇ ਬੜਾ ਬਾਜ਼ਾਰ ਹਵੇਲੀ ਸਫ਼ੀਰਵਾਲੀ ਤੋਂ ਲਿਖੀ, ਜਿਸ ਵਿਚ ਰਾਜ ਕੁਮਾਰੀ ਦੇ ਪਿਤਾ, ਦਾਦਾ, ਅਤੇ ਪੜਦਾਦੇ ਦੇ ਨਾਂ ਵੀ ਲਿਖੇ ਸਨ, ਜੋ ਸਮੇਂ ਸਮੇਂ ਹਰਦਵਾਰ ਗੰਗਾ ਅਸ਼ਨਾਨ ਲਈ ਜਾਂਦੇ ਰਹੇ ਸਨ।

ਉਸ ਨੇ ਲਿਖਿਆ ਸੀ ਕਿ ਰਾਜਕੁਮਾਰੀ ਸੱਤ ਸਾਲਾਂ ਦੀ ਉਮਰ ਵਿਚ ਆਪਣੀ ਮਾਂ ਲਾਜੋ ਨਾਲ ਗੰਗਾ ਅਸ਼ਨਾਨ ਲਈ ਹਰਦਵਾਰ ਆਈ ਸੀ। ਪਾਂਡੇ ਨੇ ਸ੍ਰੀ ਹੋਤਾ ਰਾਮ ਦਾ ਚੰਡੀਗੜ੍ਹ ਦਾ ਪਤਾ ਵੀ ਲਿਖਿਆ। ਇਕ ਖਤ ਭਵਾਨੀ ਵੀਰ ਬਾਂਦਾ ਤੋਂ ਰਾਜ ਕੁਮਾਰੀ ਦੇ ਜੀਜੇ ਦਾ ਵੀ ਆਇਆ।

ਮੈਂ ਇਸ ਖਤ ਪਿਛੋਂ ਸ੍ਰੀ ਹਰਕਿਸ਼ਨ ਲਾਲ ਨੂੰ ਮੁਲਤਾਨ ਤੋਂ ਆਈ ਚਿੱਠੀ ਦਾ ਵਿਸਥਾਰ ਲਿਖਿਆ, ਅਤੇ

Sri Satguru Jagjit Singh Ji Elibrary NamdhariElibrary@gmail.com

ਯੂਸਫ ਨੂੰ ਵੀ ਲਿਖਿਆ ਕਿ ਰਾਜ ਕੁਮਾਰੀ ਦੇ ਮਾਂ ਪਿਉ ਜੀਂਦੇ ਹਨ।

ਇਸ ਪਿਛੋਂ ਯੂਸਫ਼ ਦੀ ਇਕ ਹੋਰ ਚਿੱਠੀ ਆਈ, ਜਿਸ ਨੇ ਮੇਰੇ ਕਿਆਸ ਨੂੰ ਦਰੁਸਤ ਸਾਬਤ ਕਰ ਦਿਤਾ। ਮੈਨੂੰ ਪਹਿਲਾ ਖਤ ਮਿਲਣ ਤੇ ਖਿਆਲ ਆਇਆ ਸੀ ਕਿ ਯੂਸਫ ਵਾਸਤਵ ਵਿਚ ਰਾਜ ਕੁਮਾਰੀ ਦਾ ਪੁਤਰ ਹੈ। ਮੇਰੀ ਚਿੱਠੀ ਮਿਲਣ ਤੇ ਉਸ ਨੇ ਲਿਖਿਆ ਕਿ—"ਯਕੀਨ ਕਰਨਾ! ਤੁਹਾਡਾ ਖਤ ਵੇਖ ਕੇ ਮੈਨੂੰ ਆਪਣੀਆਂ ਅੱਖਾਂ ਤੇ ਇਤਬਾਰ ਨਹੀਂ ਆਉਂਦਾ ਅਤੇ ਇਹ ਦਿਨ ਮੇਰੇ ਜੀਵਨ ਦਾ ਸਭ ਤੋਂ ਖੁਸ਼ਕਿਸਮਤ ਦਿਨ ਹੈ। ਪਹਿਲੇ ਖਤ ਵਿਚ ਮੈਂ ਜਾਣ ਬੁਝ ਕੇ ਇਹ ਨਹੀਂ ਲਿਖਿਆ ਸੀ ਮੈਂ ਕੌਣ ਹਾਂ। ਮੈਥੋਂ ਵਡੇ ਦੋ ਭਰਾ ਹਨ। ਇਕ ਗ੍ਰੈਜੂਏਟ ਹੈ, ਅਤੇ ਦੂਜਾ ਇੰਜੀਨੀਅਰ। ਦੋਨੋਂ ਇੰਨ੍ਹੀ ਦਿਨੀਂ ਉਤਰੀ ਯਮਨ ਵਿਖੇ ਮੈਨੇਜਰ ਅਤੇ ਪ੍ਰਾਜੈਕਟ ਇੰਜੀਨੀਅਰ ਲੱਗੇ ਹੋਏ ਹਨ। ਵੱਡੇ ਭਰਾ ਦਾ ਨਾਂ ਗੁਲਾਮ ਰਸੂਲ ਅਤੇ ਛੋਟੇ ਦਾ ਮੁਹੰਮਦ ਅਬਦੁਲਾ ਹੈ। ਸਾਡੀਆਂ ਤਿੰਨ ਛੋਟੀਆਂ ਭੈਣਾਂ ਹਨ। ਉਹਨਾਂ ਦੇ ਨਾਂ ਓਮ ਕਲਸੂਮ, ਨਸਰੀਨ ਅਖਤਰ ਅਤੇ ਸ਼ਮੀਮ ਅਖਤਰ ਹਨ। ਪਹਿਲੀਆਂ ਦੋਵੇਂ ਮੈਟ੍ਰਿਕ ਵਿਚ ਪੜ੍ਹਦੀਆਂ ਹਨ ਅਤੇ ਤੀਜੀ ਸੱਤਵੀਂ ਵਿਚ ਹੈ।

ਖ਼ਤ ਵਿਚ ਲਿਖਿਆ ਸੀ—"ਅੰਮੀ ਜਾਨ ਤੁਹਾਡੀ ਚਿੱਠੀ ਮਿਲਣ ਤੇ ਬਹੁਤ ਖੁਸ਼ੀ ਹੋਈ ਹੈ। ਤੁਸੀਂ ਕ੍ਰਿਪਾ ਕਰਕੇ ਇਹ ਜਾਣਕਾਰੀ ਉਹਨਾਂ ਲੋਕਾਂ ਤੀਕ ਜ਼ਰੂਰ ਪਹੁੰਚਾ ਦੇਵੋ। ਸਾਡੇ ਤੇ ਤੁਸੀਂ ਬਹੁਤ ਵੱਡਾ ਅਹਿਸਾਨ ਕੀਤਾ ਹੈ। ਅੰਮੀ ਜਾਨ ਫੁਰਮਾ ਰਹੇ ਹਨ, ਕਿ ਸਾਡੇ ਉਹਨਾਂ ਰਿਸ਼ਤੇਦਾਰਾਂ 'ਚੋਂ ਜੋ ਲੋਕ ਏਥੇ ਆਉਣਾ ਚਾਹੁੰਦੇ ਹੋਣ, ਉਹ ਤਸ਼ਰੀਫ ਲੈ ਆਉਣ। ਇਸ ਪਿਛੋਂ ਅਸੀਂ ਭਾਰਤ ਆਵਾਂਗੇ। ਜੇ ਬਾਰਡਰ ਤੇ ਮੁਲਾਕਾਤ ਦਾ ਕੋਈ ਬੰਦੋਬਸਤ ਹੋ ਸਕਦਾ ਹੈ, ਤਾਂ ਬਹੁਤ ਹੀ ਚੰਗਾ ਹੈ। ਜੁਲਾਈ ਦੇ ਅੰਤ ਵਿਚ ਮੇਰਾ ਇਕ ਭਰਾ ਯਮਨ ਤੋਂ ਆ ਰਿਹਾ ਹੈ, ਮੁਲਤਾਨ ਵਿਚ ਸਾਡੀ ਆਪਣੀ ਕੋਠੀ ਹੈ। ਜੇ ਮੈਨੂੰ ਤਾਰ ਦਿਤੀ ਜਾਵੇ ਤਾਂ ਮੈਂ ਖੁਦ ਸਟੇਸ਼ਨ ਤੇ ਲੈਣ ਆ ਜਾਵਾਂਗਾ। ਤੁਸੀਂ ਮੇਰੇ ਮੇਹਰਬਾਨ ਹੋ, ਮੈਨੂੰ ਤੁਹਾਡਾ ਧੰਨਵਾਦ ਕਰਨ ਲਈ ਸ਼ਬਦ ਨਹੀਂ ਮਿਲ ਰਹੇ।"

ਚਿੱਠੀ ਬਹੁਤ ਲੰਮੀ ਸੀ। ਮੈਂ ਸ੍ਰੀ ਹਰਕਿਸ਼ਨ ਲਾਲ ਨੂੰ ਸਾਰੀ ਹਕੀਕਤ ਤੋਂ ਜਾਣੂ ਕਰਵਾ ਦਿਤਾ ਅਤੇ ਸਲਾਹ ਦਿੱਤੀ ਕਿ ਹੁਣ ਉਹ ਯੂਸਫ ਨਾਲ ਸਿੱਧਾ ਚਿੱਠੀ ਪੱਤਰ ਕਰਨ, ਅਤੇ ਕੋਈ ਅਜਿਹੀ ਗੱਲ ਨਾ ਲਿਖਣ ਜੋ ਬੁਰਾ ਅਸਰ ਪਾਵੇ। ਇਹ ਹਿੰਦੂ-ਮੁਸਲਮਾਨ ਜਾਂ ਹਿੰਦੁਸਤਾਨੀ ਅਤੇ ਪਾਕਿਸਤਾਨੀ ਦਾ ਸਵਾਲ ਨਹੀਂ, ਸਗੋਂ ਇਨਸਾਨੀਅਤ ਦਾ ਸਵਾਲ ਹੈ। ਉਹਨਾਂ ਜੋ ਖਤ ਮੁਲਤਾਨ ਲਿਖਿਆ, ਉਸ ਦੀ ਨਕਲ ਮੈਨੂੰ ਵੀ ਘੱਲ ਦਿੱਤੀ।

ਜੂਨ ਦੇ ਤੀਜੇ ਹਫਤੇ ਯਮਨ ਤੋਂ ਯੂਸਫ ਦੇ ਭਰਾ ਮੁਹੰਮਦ ਅਬਦੁੱਲਾ ਅਵਾਨ ਦੀ ਚਿੱਠੀ ਮੈਨੂੰ ਮਿਲੀ ਜੋ ਕਾਫੀ ਲੰਮੀ ਚੌੜੀ ਸੀ, ਦੂਜੀਆਂ ਗੱਲਾਂ ਤੋਂ ਉਪ੍ਰੰਤ ਉਸ ਨੇ ਲਿਖਿਆ ਸੀ—"੩੫ ਵਰ੍ਹਿਆਂ ਪਿਛੋਂ ਭਾਰਤ ਦੀ ੭੦-੮੦ ਕਰੋੜ ਦੀ ਆਬਾਦੀ ਵਿਚੋਂ ਸਾਡੀ ਪੂਜਨੀਕ ਮਾਂ ਜੀ ਦੇ ਰਿਸ਼ਤੇਦਾਰਾਂ ਨੂੰ ਲੱਭ ਕੇ ਮਨੁੱਖੀ ਸੇਵਾ ਦੀ ਤੁਸੀਂ ਇਕ ਮਹਾਨ ਮਿਸਾਲ ਕਾਇਮ ਕੀਤੀ ਹੈ, ਅਤੇ ਆਪਣੇ ਮੁਅਜ਼ਜ਼ ਪੇਸ਼ੇ ਦਾ ਵਕਾਰ ਵੀ ਉੱਚਾ ਕੀਤਾ ਹੈ। ਸਾਡੇ ਲਈ ਇਹ ਇਕ ਅਜਿਹੀ ਸਮੱਸਿਆ ਸੀ, ਜਿਸ ਦਾ ਸਾਨੂੰ ਭਾਰਤ ਅਤੇ ਪਾਕਿਸਤਾਨ ਦੇ ਖਰਾਬ ਸਬੰਧਾਂ ਕਰਕੇ ਕੋਈ ਹੱਲ ਨਜ਼ਰ ਨਹੀਂ ਸੀ ਆਉਂਦਾ। ਯਕੀਨ ਕਰਨਾ, ਸਾਡੇ ਜੀਵਨ ਦੀ ਇਹ ਸਭ ਤੋਂ ਵੱਡੀ ਤੱਮਨਾ ਸੀ, ਜਿਸ ਦੀ ਖੁਸ਼ਖਬਰੀ ਤੁਸੀਂ ੨੯ ਅਪ੍ਰੈਲ ਨੂੰ ਮੇਰੇ ਛੋਟੇ ਵੀਰ ਮੁਹੰਮਦ ਯੂਸਫ ਅਵਾਨ ਨੂੰ ਦਿਤੀ ਸੀ। ਇਹ ਘੜੀਆਂ ਏਨੀਆਂ ਖੁਸ਼ੀ ਭਰਪੂਰ ਸਨ ਜੋ ਜੀਵਨ ਵਿਚ ਸਾਡੇ ਪ੍ਰੀਵਾਰ ਨੂੰ ਪਹਿਲੀ ਵਾਰੀ ਨਸੀਬ ਹੋਈਆਂ ਸਨ।"

ਇਨ੍ਹੀਂ ਦਿਨੀਂ ਮੈਂ ਗੁਰਦੇ, ਦਿਲ ਅਤੇ ਪਥਰੀ ਦੀ ਬੀਮਾਰੀ ਨਾਲ ਨਿਢਾਲ ਸੀ। ਇਕ ਅਪ੍ਰੇਸ਼ਨ ਹੋ ਗਿਆ ਸੀ, ਦੂਜੇ ਲਈ ਤਿਆਰੀਆਂ ਕੀਤੀਆਂ ਜਾਂ ਰਹੀਆਂ ਸਨ। ਯੂਸਫ ਅਤੇ ਅਬਦੁੱਲਾ ਨਾਲ ਮੇਰਾ ਚਿੱਠੀ ਪੱਤਰ ਜਾਰੀ ਰਿਹਾ। ਅਤੇ ਰਾਜ ਕੁਮਾਰੀ ਅਤੇ ਉਸ ਦੇ ਭਾਰਤੀ ਖਾਨਦਾਨ ਦੇ ਵਿਅਕਤੀਆਂ ਨਾਲ ਵੀ ਖਤੋ ਕਿਤਾਬਤ ਚਾਲੂ ਰਹੀ।

੧੯ ਅਕਤੂਬਰ ਨੂੰ ਮੈਨੂੰ ਚੰਡੀਗੜ੍ਹ ਤੋਂ ਸ੍ਰੀ ਹਰਕਿਸ਼ਨ ਲਾਲ ਸੱਚਦੇਵ ਦਾ ਖਤ ਮਿਲਿਆ, ਕਿ ਉਸ ਦੀ ਭੈਣ ਆਪਣੇ ਸਪੁਤਰ ਗੁਲਾਮ ਰਸੂਲ ਅਵਾਨ ਨਾਲ ਸੜਕ ਰਾਹੀਂ

Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤਸਰ ਦੇ ਬਾਰਡਰ ਤੇ ਪਹੁੰਚ ਰਹੀ ਹੈ। ਤੁਸੀਂ ਵੀ ਛੇਤੀ ਆ ਜਾਵੋ। ਮੈਂ ਬੀਮਾਰ ਸੀ ਇਸ ਲਈ ਛੇਤੀ ਨਾ ਜਾਂ ਸਕਿਆ, ਮੈਂ ਤਾਰ ਦਿੱਤੀ ਕਿ ਮੈਂ ੨੧ ਅਕਤੂਬਰ ਨੂੰ ਹਰ ਹਾਲਤ ਵਿਚ ਚੰਡੀਗੜ੍ਹ ਪੁੱਜ ਜਾਵਾਂਗਾ।

ਰਾਜ ਕੁਮਾਰੀ ਉਰਫ ਫਾਤਮਾ ਆਪਣੇ ਪੁਤਰ ਗੁਲਾਮ ਰਸੂਲ ਨਾਲ ਚੰਡੀਗੜ੍ਹ ਪਹੁੰਚ ਗਈ। ਹਰਕਿਸ਼ਨ ਲਾਲ ਉਹਨਾਂ ਨੂੰ ਵਾਹਗਿਉਂ ਜਾ ਕੇ ਚੰਡੀਗੜ੍ਹ ਲੈ ਆਇਆ। ਸੈਕਟਰ ਨੰਬਰ ੨੭ ਡੀ ਵਿਖੇ ਜਿਥੇ ਉਹਨਾਂ ਦਾ ਘਰ ਹੈ, ਮੇਲਾ ਲੱਗ ਗਿਆ। ਸੱਚਦੇਵ ਪਰਿਵਾਰ ਦੇ ਸਾਰੇ ਵਿਅਕਤੀ ਉਥੇ ਆ ਪੁੱਜੇ। ਬੁੱਢੇ ਪਿਤਾ ਹੋਤਾ ਰਾਮ ਅਤੇ ਬ੍ਰਿਧ ਮਾਈ ਲਾਜੋ ਨੇ ਇਕ ਨਵਾਂ ਜੀਵਨ ਮਹਿਸੂਸ ਕੀਤਾ। ਟ੍ਰਿਬਿਊਨ ਨੇ ਇਸ ਸਮੇਂ ਦੀ ਤਸਵੀਰ ਅਤੇ ਮੁਕੰਮਲ ਰੀਪੋਰਟ ਛਾਪੀ।

ਮੈਂ ੨੧ ਅਕਤੂਬਰ ਦੀ ਰਾਤ ਨੂੰ ਜਦ ਉਹਨਾਂ ਨੂੰ ਮਿਲਿਆ ਤਾਂ ਲਾਲਾ ਹੋਤਾ ਰਾਮ ਨੇ ਮੈਨੂੰ ਜੱਫੀ ਵਿਚ ਘੁੱਟ ਲਿਆ। ਗੁਲਾਮ ਰਸੂਲ ਨੇ ਮੇਰੇ ਪੈਰੀਂ ਹੱਥ ਲਾਇਆ। ਰਾਜ ਕੁਮਾਰੀ ਮੈਨੂੰ ਧੀ ਵਾਂਗ ਚਿੰਬੜ ਗਈ। ੩੫ ਵਰ੍ਹੇ ਉਹ ਦਿਨ ਰਾਤ ਨੂੰ ਰੋਂਦੀ ਤੇ ਤੜਫਦੀ ਰਹੀ, ਅੱਜ ਉਸ ਦੇ ਸਭ ਸੁਪਨੇ ਸਾਕਾਰ ਹੋ ਗਏ ਸਨ।

ਹੋਤਾ ਰਾਮ ਤੇ ੧੯੪੭ ਦੇ ਫਸਾਦਾਂ ਵਿਚ ਕਾਤਲਾਨਾਂ ਹਮਲਾ ਹੋਇਆ ਸੀ। ਉਸ ਦੇ ਚਿਹਰੇ ਤੇ ਛੁਰੇ ਦੇ ਚਾਰ ਨਿਸ਼ਾਨ ਅਜੇ ਵੀ ਵਿਖਾਈ ਦਿੰਦੇ ਹਨ। ਰਾਜ ਕੁਮਾਰੀ ਤੇ ਗੋਲੀ ਚੱਲੀ ਸੀ। ਉਹ ਬਚ ਤਾਂ ਗਈ, ਪਰ ਡਰ ਨਾਲ ਸਹਿਮ ਕੇ ਡਿੱਗ ਪਈ ਅਤੇ ਬੇਹੋਸ਼ ਹੋ ਗਈ। ਇਕ ਮੁਸਲਮਾਨ ਨੇ ਉਸ ਦੀ ਹਿਫਾਜ਼ਤ ਕੀਤੀ, ਅਤੇ ਧੀ ਵਾਂਗੂੰ ਉਸ ਨੂੰ ਪਾਲਿਆ।

ਰਾਜ ਕੁਮਾਰੀ ਦਾ ਕੋਈ ਥਹੁ ਪਤਾ ਨਹੀਂ ਸੀ ਲੱਗ ਰਿਹਾ। ਹੋਤਾ ਰਾਮ ਦੀ ਪਤਨੀ ਅਰਧ ਪਾਗਲ ਹੋ ਗਈ। ਉਧਰ ਰਾਜ ਕੁਮਾਰੀ ਜੋ ਹੁਣ ਗੁਲਾਮ ਫਾਤਮਾ ਬਣ ਗਈ ਸੀ, ਰਾਤਾਂ ਨੂੰ ਰੋਂਦੀ ਰਹਿੰਦੀ। ਯੂਸਫ ਨੇ ਮਾਂ ਦੇ ਰਿਸ਼ਤੇਦਾਰਾਂ ਦਾ ਪਤਾ ਲਾਉਣ ਲਈ ਆਲ ਇੰਡੀਆ ਰੇਡੀਓ ਅਤੇ ਭਾਰਤੀ ਪਤਰਕਾਰਾਂ ਨੂੰ ਖਤ ਲਿਖੇ, ਪਰ ਕੋਈ ਉਤਰ ਕਿਤੋਂ ਨਾ ਆਇਆ। ੧੯੫੫ ਤੱਕ ਭੱਜ ਦੌੜ ਕਰਨ ਪਿਛੋਂ ਇਹ ਲੋਕ ਨਿਰਾਸ਼ ਹੋ ਕੇ ਬੈਠ ਗਏ। ਆਖਿਰ "ਨਿਵਾਏ-ਵਕਤ" ਵਿਚ ਮੇਰਾ ਇਕ ਮਜ਼ਮੂਨ ਪੜ੍ਹ ਕੇ ਉਹਨਾਂ ਮੈਨੂੰ ਖਤ ਲਿਖਿਆ।

ਗੁਲਾਮ ਰਸੂਲ ਇਕ ਹੋਣਹਾਰ ਨੌਜਵਾਨ ਹੈ। ਉਸ ਨੇ ਮੈਨੂੰ ਕਿਹਾ, "ਸਾਡੇ ਦੋਸਤਾਂ ਅਤੇ ਸਬੰਧੀਆਂ ਦੇ ਨਾਨਕੇ ਹਨ। ਅਸੀਂ ਤਰਸਦੇ ਸਾਂ ਕਿ ਅਸੀਂ ਵੀ ਨਾਨਾ ਨਾਨੀ, ਮਾਮਿਆਂ, ਅਤੇ ਦੂਜੇ ਰਿਸ਼ਤੇਦਾਰਾਂ ਨੂੰ ਮਿਲੀਏ। ਸਾਡੀ ਮੁਰਾਦ ਬਰ ਆ ਗਈ ਹੈ। ਅਸੀਂ ਵੀ ਵਡ-ਪ੍ਰਵਾਰੇ ਹੋ ਗਏ ਹਾਂ।

ਅਸੀਂ "ਇੰਡੋ-ਪਾਕ ਪ੍ਰੇਮ ਲੀਗ" ਵਲੋਂ ਐਲਾਨ ਕੀਤਾ, ਕਿ ਹਰ ਵਰ੍ਹੇ ਇਕ ਹਜ਼ਾਰ ਰੁਪਿਆ ਅਜਿਹੇ ਅਖ਼ਬਾਰ ਨਵੀਸ ਨੂੰ ਬਤੌਰ ਐਵਾਡ ਦਿੱਤਾ ਜਾਵੇਗਾ, ਜੋ ਭਾਰਤ ਅਤੇ ਪਾਕਿਸਤਨ ਵਿਚਕਾਰ ਚੰਗੇ ਸਬੰਧ ਕਾਇਮ ਕਰਨ ਵਿਚ ਜਦੋ-ਜਹਿਦ ਕਰੇਗਾ। ਪਹਿਲੇ ਦੋ ਐਵਾਰਡ ਰੋਜ਼ਨਾਮਾ "ਜੰਗ" ਕਰਾਚੀ (ਪਾਕਿਸਤਾਨ) ਦੇ ਕਾਲਮ ਨਵੀਸ ਜਨਾਬ ਰਈਸ ਅਮਰੋਹੀ ਅਤੇ "ਇੰਡੋ-ਪਾਕ ਪ੍ਰੇਮ ਲੀਗ" ਬਰਤਾਨੀਆਂ ਦੇ ਕਨਵੀਨਰ ਸ੍ਰੀ ਜੇ. ਐਸ. ਚੌਹਾਨ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ●

—(ਨਵਾਂ ਸਹਿਤ ਚੋਂ ਪ੍ਰਾਪਤੀ)

ਪਰਵਾਸੀ ਭਾਰਤੀਆਂ ਦੀ ਜ਼ਿੰਦਗੀ ਤੇ ਲਿਖਿਆ

ਮਹਿੰਦਰ ਭੱਟੀ

ਦਾ

ਦਾ ਪਲੇਠਾ ਨਾਵਲ

"ਡੁਬਦੇ ਜਹਾਜ਼ਾਂ ਦੀ ਦਾਸਤਾਨ"

Sri Satguru Jagjit Singh Ji Elibrary NamdhariElibrary@gmail.com

THE TRADERS' BANK LTD.
COMPLETES
50
(1933–1983)
YEARS OF DEDICATED SERVICE TO THE NATION

WE PAY ·25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

Invest in our attractive deposits schemes
and grow with the growing Bank

Branches in : PUNJAB, HARYANA, U. P. & DELHI

THE TRADERS' BANK LTD.
(Regd. & H. O. H-72, Connought Circus, New Delhi)

(Scheduled Bank)

S. PARKASH SINGH
General Manager

S. SHER SINGH SINDHU
Chairman

Sri Satguru Jagjit Singh Ji Elibrary NamdhariElibrary@gmail.com

ਇਤਿਹਾਸ ਦੇ ਪੰਨੇ :

ਬਰਤਾਨੀਆ ਮੁਗਲਸ਼ਾਹੀ ਦਾ ਜਾਨਸ਼ੀਨ ਕਿਵੇਂ ਬਣਿਆ

ਇਤਿਹਾਸ ਦੀਆਂ ਬਹੁਤ ਠਾਠਦਾਰ ਪ੍ਰਾਪਤੀਆਂ ਦਾ ਮੁਢ ਕਈ ਵਾਰ ਬਹੁਤ ਹੀ ਸਾਧਾਰਨ ਹੁੰਦਾ ਹੈ। ਨਗੂਣੇ ਪੰਜ ਸ਼ਲਿੰਗਾਂ ਦੇ ਕਾਰਨ ਬਰਤਾਨੀਆ, ਮਹਾਨ ਸਾਮਰਾਜੀ ਪ੍ਰਾਪਤੀਆਂ ਦੇ ਰਾਹੇ ਪੈ ਗਿਆ । ਇਹ ਪੰਜ ਸ਼ਲਿੰਗ ਉਹ ਸਨ ਜਿਹੜੇ ਕਿ ਕਾਲੀ ਮਿਰਚ ਦੇ ਇਕ ਪੌਂਡ ਦੇ ਭਾਅ ਪਿਛੇ ਡੱਚਾਂ ਨੇ ਵਧਾਏ ਸਨ । ਡੱਚਾਂ ਦਾ ਉਸ ਸਮੇਂ ਮਸਾਲਿਆਂ ਦੇ ਵਪਾਰ ਤੇ ਪੂਰ· ਅਧਿਕਾਰ ਸੀ । ਇਸ ਗਲ ਤੋਂ ਚਿੜ ਕੇ ਲੰਡਨ ਸ਼ਹਿਰ ਦੇ ੨੪ ਵਪਾਰੀ ੨੪ ਸਤੰਬਰ ੧੫੯੯ ਨੂੰ ਬਾਅਦ ਦੁਪਹਿਰ ਲੀਡਨ ਹਾਲ ਸਟਰੀਟ ਦੇ ਇਕ ਗੁਮਨਾਮ ਜਿਹੇ ਥਾਂ ਤੇ ਇਕੱਠੇ ਹੋਏ । ਉਹਨਾਂ ਦਾ ਮੰਤਵ ਸੀ ੧੨੫ ਹਿਸੇਦਾਰਾਂ ਵਾਲੀ ਕੇਵਲ ੭੨੦੦੦ ਪੌਂਡ ਦੀ ਮੁਢਲੀ ਰਕਮ ਨਾਲ ਇਕ ਵਪਾਰਕ ਫਰਮ ਕਾਇਮ ਕਰਨਾ। ਇਸੇ ਬਹੁਤ ਮਾਮੂਲੀ ਜਿਹੀ ਸੰਸਥਾ ਨੇ, ਜਿਸਦਾ ਮਕਸਦ ਵਪਾਰਕ ਨਫਾ ਕਮਾਉਣਾ ਸੀ ਬਾਅਦ ਵਿਚ ਸਾਮਰਾਜੀ ਜੁਗ ਦੀ ਅਤੀ ਮਹੱਤਵ ਪੂਰਨ ਰਚਨਾ ਬ੍ਰਿਟਿਸ਼ ਰਾਜ' ਬਨਣਾ ਸੀ ।

੩੧ ਦਸੰਬਰ ੧੫੯੯ ਨੂੰ ਕੰਪਨੀ ਨੂੰ ਸਰਕਾਰੀ ਪਰਵਾਨਗੀ ਮਿਲ ਗਈ । ਮਲਕਾ ਅਲਿਜ਼ਬੈਥ ਨੇ ਇਕ ਸ਼ਾਹੀ ਫਰਮਾਨ ਤੇ ਦਸਖਤ ਕਰਕੇ ਕੰਪਣੀ ਨੂੰ ਪੰਦਰਾਂ ਸਾਲਾਂ ਵਾਸਤੇ ਕੇਪ ਆਫ ਗੁੱਡ ਹੋਪ (cape o' good Hope) ਤੋਂ ਪਰਲੇ ਸਭ ਦੇਸ਼ਾਂ ਨਾਲ ਵਪਾਰ ਕਰਨ ਦੇ ਏਕਾ ਅਧਿਕਾਰ ਦੇ ਦਿਤੇ । ਅਠਾਂ ਮਹੀਨਿਆਂ ਬਾਅਦ ੫੦੦ ਟਨ ਗੈਲਨ ਦੇ 'ਹੈਕਟਰ' ਨਾਮੀ ਸਮੁੰਦਰੀ ਜਹਾਜ਼ ਨੇ ਬੰਬਈ ਤੋਂ ਉਤਰ ਵਲ ਸੂਰਤ ਦੀ ਛੋਟੀ ਜਿਹੀ ਬੰਦਰਗਾਹ ਤੇ ਲੰਗਰ ਸੁਟ ਦਿਤੇ । ੨੪ ਅਗਸਤ ੧੬੦੦ ਈ: ਨੂੰ ਅੰਗਰੇਜ਼ ਭਾਰਤ ਵਿਚ ਪੁਜ ਗਏ । ਇਹ ਉਤਾਰਾ ਹੈਕਟਰ ਦੇ ਬੁਢੇ ਕਪਤਾਨ ਵਿਲੀਅਮ ਹਾਕਿਨਜ਼ ਜੋ ਯਾਤਰੂ ਘਟ ਤੇ ਲੁਟੇਰਾ ਜ਼ਿਆਦਾ ਸੀ ਦੇ ਇਕਲੋ ਸਰੀਰ ਦੇ ਰੂਪ ਵਿਚ ਬਹੁਤ ਸਾਧਾਰਣ ਜਿਹਾ ਸੀ ।

ਕਬੂਤਰ ਦੇ ਆਂਡਿਆਂ ਜਿੱਡੇ ਲਾਲ, ਕਾਲੀ ਮਿਰਚ, ਅਧਰਕ-ਸੁੰਢ, ਨੀਲ, ਦਾਲ ਚੀਨੀ ਦੇ ਬੇਅੰਤ ਭੰਡਾਰ, ਪੂਰੇ ਟੱਬਰ ਤੇ ਛਾਂ ਕਰ ਦੇਣ ਵਾਲੇ ਬਿਰਖ ਦੇ ਪੱਤੇ, ਹਾਥੀ ਦੇ ਪਤਾਲੂਆਂ 'ਚੋਂ ਕਢੀ ਤਾਕਤਬਖਸ਼ ਦਵਾਈਆਂ ਦੀ ਘੁੱਟ ਲਭਣ ਵਾਸਤੇ ਕਪਤਾਨ ਹਾਕਿਨਜ਼ ਭਾਰਤ ਦੇ ਅੰਦਰ ਵਲ ਚਲ ਪਿਆ ।

ਆਗਰੇ ਵਲ ਜਾਂਦਿਆਂ ਅਜਿਹਾ ਤਾਂ ਕੋਈ ਭਾਰਤ ਨਹੀਂ ਸੀ । ਪਰ ਉਥੇ ਮਹਾਨ ਮੁਗਲ ਨਾਲ ਉਸ ਦੀ ਮੁਲਾਕਾਤ ਨੇ ਸਫਰ ਦੀਆਂ ਕਠਨਾਈਆਂ ਦਾ ਭਾਂਗਾ ਕੱਢ ਦਿਤਾ । ਉਹ ਇਕ ਐਸੇ ਸਮਰਾਟ ਦੇ ਰੂ-ਬ-ਰੂ ਹੋਇਆ ਜਿਸ ਦੇ ਸਾਹਮਣੇ ਖੁਦ ਮਲਕਾ ਅਲਿਜ਼ਬੈਥ ਇਕ ਸੂਬਾਈ ਛੋਟੇ ਪਿੰਡ ਦੀ ਹਾਕਮ ਲਗਦੀ ਸੀ । ਸਤ ਕਰੋੜ ਤੋਂ ਵਧ ਲੋਕਾਂ ਉਤੇ ਰਾਜ ਕਰ ਰਿਹਾ ਸ਼ਹਿਨਸ਼ਾਹ ਜਹਾਂਗੀਰ ਦੁਨੀਆ ਦਾ ਸਭ ਤੋਂ ਅਮੀਰ ਅਤੇ ਤਾਕਤਵਰ ਸਮਰਾਟ ਸੀ । ਉਸ ਦੇ ਦਰਬਾਰ ਵਿਚ ਪਹੁੰਚਣ ਵਾਲੇ ਪਹਿਲੇ ਅੰਗਰੇਜ਼ ਵਿਅਕਤੀ ਦਾ ਅਜਿਹੇ ਸੰਕੇਤ ਨਾਲ ਸੁਆਗਤ ਕੀਤਾ ਗਿਆ ਜਿਸ ਨਾਲ ਹੋ ਸਕਦੈ ਈਸਟ ਇੰਡੀਆ ਟਰੇਡਿੰਗ ਕੰਪਨੀ ਦੇ ਸਵਾ ਸੌ ਹਿਸੇਦਾਰ ਵੀ ਖਾਰ ਖਾਣ ਲਗ ਪਏ ਹੋਣ । ਮੁਗਲ ਨੇ ਅੰਗਰੇਜ਼ ਨੂੰ ਸ਼ਾਹੀ ਅਦਾਰੇ ਦਾ ਮੈਂਬਰ ਬਣਾ ਲਿਆ ਅਤੇ ਸਵਾਗਤੀ ਤੁਹਫੇ ਵਜੋਂ ਹਰਮ 'ਚੋਂ ਸਭ ਤੋਂ ਖੂਬਸੂਰਤ ਕਨੀਜ਼ ਜੋ ਕਿ ਆਰਮੀਨਅਨ ਕਰਿਸਚਿਨ ਸੀ ਭੇਟ ਕੀਤੀ ।

ਹਾਕਿਨਜ਼ ਦੇ ਆਗਰੇ ਪਹੁੰਚਣ ਨਾਲ ਉਹਦੇ ਮਾਲਕਾਂ ਨੂੰ ਹੋਰ ਲਾਭ ਵੀ ਪੁਜੇ । ਜਹਾਂਗੀਰ ਨੇ ਇਕ ਸ਼ਾਹੀ ਫਰਮਾਨ ਜਾਰੀ ਕਰਕੇ ਈਸਟ ਇੰਡੀਆ ਕੰਪਨੀ ਨੂੰ ਬੰਬਈ ਦੇ ਉਤਰ ਵਲ ਵਪਾਰਕ ਮੰਡੀਆਂ ਖੋਲਣ ਦੀ ਆਗਿਆ ਦੇ ਦਿਤੀ । ਇਸ ਦੀ ਬਹੁਤ ਤੇਜ਼ ਅਤੇ ਅਸਰਦਾਇਕ ਸਫਲਤਾ ਹੋਈ । ਜਲਦੀ ਹੀ ਮਸਾਲਿਆਂ, ਗੁੰਦ, ਖੰਡ, ਕਚੇ ਰੇਸ਼ਮ ਅਤੇ ਮਲਮਲੀ ਰੂੰ ਨਾਲ ਭਰੇ ਜਹਾਜ਼ ਮਹੀਨੇ 'ਚ ਦੋ ਵਾਰ ਇੰਗਲੈਂਡ ਦੇ ਦਰਿਆ ਥੇਮਜ਼ ਦੇ ਕੰਢੇ ਬਣੀਆਂ ਗੋਦੀਆਂ ਤੇ ਉਤਰਨੇ ਸ਼ੁਰੂ ਹੋ ਗਏ ਅਤੇ ਓਥੋਂ ਵਲਾਇਤੀ ਸਾਮਾਨ ਭਰ ਭਰ ਕੇ ਵਾਪਸ ਆਉਣੇ ਸ਼ੁਰੂ ਹੋ ਗਏ । ਫਰਮ ਦੇ ਹਿਸੇਦਾਰਾਂ ਨੂੰ ਮੁਨਾਫੇ ਦਾ ਹੜ੍ਹ, ਕਈ ਵਾਰ ੨੦੦ ਪ੍ਰਤੀਸ਼ਤ ਤਕ, ਆਉਣਾ ਸ਼ੁਰੂ ਹੋ ਗਿਆ ।

ਅੰਗਰੇਜ਼ਾਂ ਦਾ ਸਥਾਨਕ ਹਾਕਮਾਂ ਅਤੇ ਜਨਤਾ ਨੇ ਆਮ ਤੌਰ ਤੇ ਸਵਾਗਤ ਹੀ ਕੀਤਾ। ਉਹ ਸਪੇਨੀਆਂ ਵਾਂਗ

Sri Satguru Jagjit Singh Ji Elibrary NamdhariElibrary@gmail.com

ਨਹੀਂ ਸਨ ਜੋ ਦੱਖਣੀ ਅਮਰੀਕਾ ਨੂੰ ਰਬ ਦੇ ਨਾਮ ਤੇ ਸਰ ਕਰ ਰਹੇ ਸਨ। ਅੰਗਰੇਜ਼ ਤਾਂ ਇਸ ਗਲ ਤੇ ਜ਼ੋਰ ਦੇਂਦੇ ਸਨ ਕਿ ਉਹ ਤਾਂ ਧਨ-ਦੇਵਤਾ ਵਾਸਤੇ ਭਾਰਤ ਆਏ ਹਨ। ਕੰਪਨੀ ਦੇ ਅਫਸਰ ਇਹ ਕਹਿੰਦੇ ਨਾ ਥਕਦੇ ਕਿ ਵਪਾਰ ਕਰਨਾ ਨਾ ਕਿ ਇਲਾਕਾ ਲੈਣਾ ਉਹਨਾਂ ਦੀ ਨੀਤੀ ਹੈ। ਕੁਦਰਤੀ ਤੌਰ ਤੇ ਜਦੋਂ ਉਹਨਾਂ ਦੀਆਂ ਵਪਾਰਕ ਸਰਗਰਮੀਆਂ ਵਧੀਆਂ ਤਾਂ ਕੰਪਨੀ ਦੇ ਅਫਸਰ ਸਥਾਨਕ ਰਾਜਨੀਤੀ ਵਿਚ ਵੀ ਟੰਗ ਅੜਾਣ ਲਗ ਪਏ ਅਤੇ ਆਪਣੇ ਵਧਦੇ ਵਪਾਰ ਦੀ ਰਖਿਆ ਵਾਸਤੇ ਸਥਾਨਕ ਛੋਟੇ ਮੋਟੇ ਹਾਕਮਾਂ ਦਿਆਂ ਝਗੜਿਆਂ ਵਿਚ ਵੀ ਦਖਲ ਦੇਣ ਲਗ ਪਏ। ਇਸ ਤਰ੍ਹਾਂ ਇਕ ਅਰੁਕ ਸਿਲਸਿਲਾ ਚਲ ਪਿਆ ਜਿਸ ਨਾਲ ਇੰਗਲੈਂਡ ਨੇ ਲਗਪਗ ਅਣਚਾਹਿਆ ਅਣਵਿਚਾਰਿਆਂ ਹੀ ਭਾਰਤ ਨੂੰ ਜਿੱਤ ਲੈਣਾ ਸੀ। ੨੩ ਜੂਨ ੧੭੫੭ ਨੂੰ, ੯੦੦ ਅੰਗਰੇਜ਼ ਅਤੇ ੨੦੦੦ ਹਿੰਦੁਸਤਾਨੀ ਸਿਪਾਹੀਆਂ ਦੀ ਕਮਾਨ ਕਰਦਿਆਂ ਇਕ ਅੱਖੜ ਅੰਗਰੇਜ਼ ਜਰਨੈਲ ਰਾਬਰਟ ਕਲਾਈਵ ਨੇ ਬੰਗਾਲ ਦੇ ਇਕ ਛੋਟੇ ਜਿਹੇ ਪਿੰਡ ਪਲਾਸੀ ਦੇ ਚੌਲਾਂ ਦੇ ਖੇਤਾਂ ਵਿਚ ਇਕ ਨਵਾਬ ਦੀ ਫੌਜ ਨੂੰ ਹਰਾ ਦਿਤਾ।

ਕਲਾਈਵ ਦੀ ਜਿੱਤ ਨੇ ਉਤਰੀ ਭਾਰਤ ਦੇ ਦਰਵਾਜ਼ੇ ਖੋਹਲ ਦਿਤੇ। ਇਸ ਦੇ ਨਾਲ ਅੰਗਰੇਜ਼ਾਂ ਵਲੋਂ ਭਾਰਤ ਦੀ ਫਤਹਿ ਸਹੀ ਅਰਥਾਂ ਵਿਚ ਸ਼ੁਰੂ ਹੋ ਗਈ। ਉਹਨਾਂ ਦੇ ਵਪਾਰੀਆਂ ਦੀ ਥਾਂ ਹੁਣ ਸਾਮਰਾਜ ਦੇ ਉਸਰੀਆਂ ਨੇ ਲੈ ਲਈ। ਅਤੇ ਹੁਣ ਵਪਾਰ ਦੀ ਬਜਾਏ ਇਲਾਕਾ ਜਿਤਨਾ ਭਾਰਤ ਵਿਚ ਅੰਗਰੇਜ਼ੀ ਉਦੇਸ਼ ਬਣ ਗਿਆ।

ਇਸ ਦੇ ਬਾਅਦ ਦੀ ਇਕ ਸਦੀ ਜਿੱਤਾਂ ਦਾ ਸਮਾਂ ਸੀ। ਭਾਵੇਂ ਲੰਡਨ ਦੀਆਂ ਖਾਸ ਹਦਾਇਤਾਂ ਸਨ ਕਿ ਜਿੱਤਾਂ ਅਤੇ ਇਲਾਕਾਂ ਵਧਾਉਣ ਦੀਆਂ ਸਕੀਮਾਂ ਤੋਂ ਬਚਿਆ ਜਾਵੇ ਪਰ ਲਾਲਸੀ ਗਵਰਨਰ ਜਨਰਲਾਂ ਦੇ ਇਕ ਸਿਲਸਿਲੇ ਨੇ ਉਲਟ ਪਾਲਿਸੀ ਅਪਣਾਈ ਰੱਖੀ। ਇਕ ਸਦੀ ਤੋਂ ਵੀ ਪਹਿਲਾਂ ਵਪਾਰੀਆਂ ਦੀ ਇਕ ਕੰਪਨੀ ਇਕ ਖੁਦ ਮੁਖਤਿਆਰ ਹਕੂਮਤ ਵਿਚ ਬਦਲ ਗਈ। ਇਹਦੇ ਕਲਰਕ ਅਤੇ ਵਪਾਰੀ ਜਰਨੈਲ ਅਤੇ ਗਵਰਨਰ ਬਣ ਗਏ। ਵਪਾਰਕ ਮੁਨਾਫੇ ਦੀ ਦੌੜ ਸ਼ਾਹੀ ਅਧਿਕਾਰਾਂ ਦੀ ਦੌੜ ਬਣ ਗਈ। ਇਸ ਤਰ੍ਹਾਂ ਬਰਤਾਨੀਆ ਮੁਗਲਸ਼ਾਹੀ ਦਾ ਜਾਨਸ਼ੀਨ ਬਣ ਗਿਆ।

(ਲੈਰੀ ਕੌਲਿਨਜ਼ ਅਤੇ ਡੌਮੀਨਿਕ ਲੈਪੀਅਰੇ
ਫਰੀਡਮ ਐਟ ਮਿਡਨਾਈਟ ਦੀ ਭੂਮਿਕਾ 'ਚੋਂ)

ਭਾਰਤ ਅਤੇ ਯੂਰਪ ਦੇ ਸਬੰਧ

ਇਸ ਗੱਲ ਦੇ ਪੱਕੇ ਸਬੂਤ ਹਨ ਕਿ ਭਾਰਤ ਉਤੇ ਸਕੰਦਰ ਦੇ ਹਮਲੇ (੩੨੭-੩੨੬ ਈ: ਪੂਰਬ) ਤੋਂ ਸਦੀਆਂ ਪਹਿਲਾਂ ਭਾਰਤ ਅਤੇ ਯੂਨਾਨ ਵਿਚਕਾਰ ਸੰਪਰਕ ਸਥਾਪਤ ਸੀ। ਯੂਨਾਨ ਦਾ ਪ੍ਰਸਿੱਧ ਫਿਲਾਸਫਰ ਪਾਈਥਾਗੋਰਸ ਈਸਾ ਤੋਂ ਛੇਵੀਂ ਸਦੀ ਪਹਿਲਾਂ ਦੇ ਅੰਤ ਵਿਚ ਹੋਇਆ ਅਤੇ ਪੁਨਰ ਜਨਮ ਦੇ ਸਿਧਾਂਤ ਨੂੰ ਮੰਨਦਾ ਸੀ। ਉਸ ਨੇ ਨਿਸਚੇ ਹੀ ਇਹ ਸਿਧਾਂਤ ਭਾਰਤ ਦੇ ਸਾਂਖ ਦਰਸ਼ਨ ਤੋਂ ਲਿਆ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਇਕ ਭਾਰਤੀ ਵਿਦਵਾਨ ਏਥੰਨਜ਼ ਵਿਚ ਯੂਨਾਨੀ ਫਿਲਾਸਫਰ ਸੁਕਰਾਤ (ਈਸਾ ਪੂਰਵ ੪੬੯-੩੯੯) ਨੂੰ ਮਿਲਿਆ ਸੀ ਅਤੇ ਉਸ ਦੇ ਫਲਸਫੇ ਤੇ ਬਹਿਸ ਕੀਤੀ ਸੀ। ਅਫਲਾਤੂ ਅਥਵਾ ਪਲੈਟੋ (ਈਸਾ ਪੂਰਬ ੪੨੭-੩੪੭) ਭਾਰਤੀ ਦਰਸ਼ਨ ਦੇ ਕਰਮ ਸਿਧਾਂਤ ਤੋਂ ਵਾਕਿਫ ਸੀ। ਇਵੇਂ ਹੀ ਭਾਰਤੀ ਦਰਸ਼ਨ ਅਤੇ ਯੂਨਾਨੀ ਫਲਾਸਫਰਾਂ ਇਲੀਟਿਕਸ ਅਤੇ ਥੇਲਜ਼ ਦੁਆਰਾ ਦਰਸਾਏ ਯੂਨਾਨੀ ਦਰਸ਼ਨ ਵਿਚ ਜੋ ਅਦਭੁਤ ਮੇਲ ਦਿਸਦਾ ਹੈ ਉਸ ਤੋਂ ਜ਼ਾਹਿਰ ਹੈ ਕਿ ਸਕੰਦਰ ਤੋਂ ਪਹਿਲਾਂ ਦੇ ਭਾਰਤੀ ਅਤੇ ਯੂਨਾਨੀ ਦਾਰਸ਼ਨਿਕਾਂ ਵਿਚ ਨਿਕਟ ਸੰਪਰਕ ਹੋਏ ਬਿਨਾਂ ਉਹ ਹੋ ਨਹੀਂ ਸਕਦਾ। ਸਕੰਦਰ ਦੇ ਭਾਰਤ ਉਪਰ ਹਮਲੇ ਦੇ ਨਾਲ ਬਹੁਤ ਸਾਰੇ ਯੂਨਾਨੀ ਭਾਰਤ ਆਏ। ਭਾਵੇਂ ਸਕੰਦਰ ਦੇ ਮਰਨ ਨਾਲ ਭਾਰਤ ਉਤੇ ਉਸ ਦਾ ਪ੍ਰਭੁਤਵ ਸਮਾਪਤ ਹੋ ਗਿਆ ਫਿਰ ਵੀ ਭਾਰਤ ਅਤੇ ਯੂਨਾਨੀਆਂ ਦਾ ਸੰਪਰਕ ਜਾਰੀ ਰਿਹਾ। ਸਕੰਦਰ ਦੇ ਸੈਨਾਪਤੀ ਸਲੋਕਸ ਨੇ ਸਕੰਦਰ ਦੀ ਮੌਤ ਬਾਦ ਸਾਮਰਾਜ ਦੇ ਪੂਰਬੀ ਹਿਸੇ ਤੇ ਅਪਣਾ ਅਧਿਕਾਰ ਜਮਾ ਲਿਆ ਅਤੇ ਈਸਾ ਤੋਂ ੩੦੫ ਸਾਲ ਪਹਿਲਾਂ ਉਸ ਨੇ ਵੀ ਭਾਰਤ ਤੇ ਹਮਲਾ ਕੀਤਾ ਪਰ ਭਾਰਤੀ ਸਮਰਾਟ ਚੰਦਰ ਗੁਪਤ ਮੌਰਯ (ਈਸਾ ਪੂਰਵ ੩੨੨-੨੯੮) ਨੇ ਉਸ ਨੂੰ ਹਰਾ ਦਿਤਾ ਅਤੇ ਉਹਦੀ ਲੜਕੀ ਨਾਲ ਵਿਆਹ ਕਰ ਲਿਆ।

ਸਲੋਕਸ ਨੇ ਚੰਦਰ ਗੁਪਤ ਦੇ ਦਰਬਾਰ ਵਿਚ ਮੈਗਸਥਨੀਜ਼ ਨਾਮ ਦਾ ਦੂਤ ਭੇਜਿਆ। ਚੰਦਰ ਗੁਪਤ ਦੇ ਬਾਅਦ ਮਹਾਰਾਜਾ ਬਿੰਦੂਸਾਰ ਨੇ ਸੀਰੀਆ ਦੇ ਯੂਨਾਨੀ ਰਾਜਾ ਐਂਟਿਓਕਸ ਨਾਲ ਦੋਸਤੀ ਦਾ ਰਿਸ਼ਤਾ ਕਾਇਮ ਕੀਤਾ ਅਤੇ ਉਸ ਨੂੰ ਪੱਤਰ ਲਿਖ ਕੇ ਇਕ ਯੂਨਾਨੀ ਫਿਲਾਸਫਰ ਭਾਰਤ ਵਿਚ ਭੇਜਣ

Sri Satguru Jagjit Singh Ji Elibrary NamdhariElibrary@gmail.com

ਵਾਸਤੇ ਬੇਨਤੀ ਕੀਤੀ। ਬਿੰਦੂਸਾਰ ਦੇ ਪੁਤਰ ਅਸ਼ੋਕ ਮਹਾਨ ਨੇ ਵੀ ਸੀਰੀਆ, ਮਿਸਰ, ਮਕਦੂਨੀਆ ਅਤੇ ਇਪਿਰਸ ਦੇ ਯੂਨਾਨੀ ਰਾਜਿਆਂ ਨਾਲ ਸੰਪਰਕ ਕਾਇਮ ਕੀਤਾ। ਇਹਨਾਂ ਸਾਰੇ ਦੇਸ਼ਾਂ ਵਿਚ ਅਸ਼ੋਕ ਨੇ ਬੋਧ ਭਿਕਸ਼ੂਆਂ ਨੂੰ ਭੇਜਿਆ ਅਤੇ ਉਥੇ ਦਵਾਈਘਰ ਆਦਿ ਖੁਲਵਾਏ ਅਤੇ ਜੜੀਆਂ ਬੂਟੀਆਂ ਦੇ ਪੌਦੇ ਲਗਵਾਏ। ਕਿਹਾ ਜਾਂਦਾ ਹੈ ਕਿ ਇਹਨਾਂ ਬਹੁਤੇ ਦੇਸ਼ਾਂ ਨੇ ਬੁੱਧ ਧਰਮ ਗ੍ਰਹਿਣ ਕਰ ਲਿਆ। ਭਾਰਤ ਵਿਚ ਵੀ ਬਹੁਤੇ ਯੂਨਾਨੀ ਅਸ਼ੋਕ ਦੀ ਸੇਵਾ ਵਿਚ ਨਿਯੁਕਤ ਸਨ। ਉਹਨੇ ਤੁਸ਼ਾਸ਼ਪ ਨਾਮ ਦੇ ਇਕ ਯੂਨਾਨੀ ਨੂੰ ਸੌਰਾਸ਼ਟਰ ਦਾ ਅਹੁਦੇਦਾਰ ਨੀਯਤ ਕੀਤਾ। ਅਸ਼ੋਕ ਦੇ ਰਾਜ ਹੇਠਲੇ ਇਲਾਕੇ ਅਫਗਾਨਿਸਤਾਨ ਵਿਚ ਬਹੁਤ ਸਾਰੇ ਯੂਨਾਨੀ ਰਹਿੰਦੇ ਸਨ ਸ਼ਾਇਦ ਇਸੇ ਵਾਸਤੇ ਹੀ ਕੰਧਾਰ ਦੇ ਨੇੜੇ ਜੋ ਸ਼ਿਲਾ ਲੇਖ ਮਿਲਿਆ ਹੈ ਉਹਨੂੰ ਅਸ਼ੋਕ ਨੇ ਦੋ ਬੋਲੀਆਂ ਯੂਨਾਨੀ ਅਤੇ ਅਰਮਾਇਕ ਵਿਚ ਲਿਖਵਾਇਆ ਸੀ। ਅਸ਼ੋਕ ਬਾਦ ਪੱਛਮ ਉਤਰ ਵਲ ਬਹੁਤ ਸਾਰੇ ਯਵਨ ਰਾਜ ਸਥਾਪਤ ਹੋ ਗਏ ਜੋ ਪਹਿਲੀ ਸਦੀ ਈਸਵੀ ਤਕ ਰਹੇ ਜਦੋਂ ਕੁਸ਼ਨ ਸਾਮਰਾਜ ਕਾਇਮ ਨਾ ਹੋ ਗਿਆ। ਇਸੇ ਜ਼ਮਾਨੇ ਵਿਚ ਭਾਰਤੀਆਂ ਅਤੇ ਯੂਨਾਨੀਆਂ ਵਿਚਕਾਰ ਨੇੜਲੇ ਸਭਿਆਚਾਰਕ ਸੰਬੰਧ ਕਾਇਮ ਹੋਏ ਅਤੇ ਹਜ਼ਾਰਾਂ ਯੂਨਾਨੀਆਂ ਨੇ ਜਾਂ ਤਾ ਬੁਧ ਧਰਮ ਜਾਂ ਬਰਾਹਮਣ ਧਰਮ (ਹਿੰਦੂ ਧਰਮ) ਗ੍ਰਹਿਣ ਕਰ ਲਿਆ।

ਯੂਨਾਨੀ ਰਾਜਾ ਮਿਨਾਂਡਰ ਨੇ ਬੁੱਧ ਧਰਮ ਦੀ ਦੀਖਿਆ ਲਈ ਅਤੇ ਯੂਨਾਨੀ ਰਾਜਦੂਤ ਹੇਲੀਓਡੋਰਸ ਨੇ ਵੈਸ਼ਨਵ ਧਰਮ ਅਖਤਿਆਰ ਕੀਤਾ ਅਤੇ ਬੇਸਨਗਰ ਵਿਚ ਗਰੜ ਸਤੰਭ ਦੀ ਸਥਾਪਨਾ ਕੀਤੀ। ਇਸੇ ਸਮੇਂ ਮੂਰਤੀ ਕਲਾ ਦੀ ਗੰਧਾਰ ਸ਼ੈਲੀ ਦਾ ਵਿਕਾਸ ਹੋਇਆ ਅਤੇ ਬੁੱਧ ਦੀਆਂ ਅਸੰਖਾਂ ਕਲਾਤਮਕ ਮੂਰਤੀਆਂ ਦਾ ਨਿਰਮਾਨ ਹੋਇਆ ਜਿਨ੍ਹਾਂ ਤੇ ਯੂਨਾਨੀ ਪ੍ਰਭਾਵ ਸਪੱਸ਼ਟ ਦਿੱਸਦਾ ਹੈ। ਗੱਲ ਕੀ ਭਾਰਤ ਅਤੇ ਯੂਨਾਨ ਇਕ ਦੂਸਰੇ ਤੋਂ ਪ੍ਰਸਪਰ ਪ੍ਰਭਾਵਿਤ ਹੋਏ। ਯੂਨਾਨ ਨੇ ਭਾਰਤ ਤੋਂ ਫਲਸਫਾ (ਦਰਸ਼ਨ), ਧਰਮ, ਗਣਿਤ ਅਤੇ ਹੋਰ ਕਈ ਵਿਦਿਆਵਾਂ ਲਈਆਂ ਅਤੇ ਬਦਲੇ ਵਿਚ ਭਾਰਤ ਨੇ ਯੂਨਾਨ ਤੋਂ ਵਸਤੂ ਕਲਾ, ਸਿੱਕੇ ਢਾਲਨ ਦੀ ਕਲਾ ਸਾਹਿਤ ਅਤੇ ਜੋਤਿਸ਼ ਵਿਦਿਆ ਲਈ। ਜਿਹੜੇ ਯੂਨਾਨੀ ਸਕੰਦਰ ਨਾਲ ਆਏ ਉਹਨਾਂ ਆਪਣੇ ਯਾਤਰਾ ਲੇਖ ਵੀ ਲਿਖੇ ਹਨ ਪਰ ਉਹ ਆਪਣੇ ਆਪ ਨੂੰ ਯੂਰਪੀ ਨਹੀਂ ਸਨ ਕਹਿੰਦੇ। ਇਸ ਲਿਹਾਜ਼ ਨਾਲ ਪਹਿਲਾ ਯੂਰਪੀਨ, ਮਸ਼ਹੂਰ ਯਾਤਰੀ ਮਾਰਕੋਪੋਲੋ ਹੈ ਜੋ ਸੰਨ ੧੨੮੮ ਅਤੇ ੧੨੯੩ ਨੂੰ ਭਾਰਤ ਆਇਆ। ਇਹ ਇਟਲੀ ਦੇ ਸ਼ਹਿਰ ਵੀਨਸ ਦਾ ਰਹਿਣ ਵਾਲਾ ਸੀ। ਇਸ ਪਿਛੋਂ ਸੰਨ ੧੪੨੦ ਵਿਚ ਇਟਲੀ ਦਾ ਯਾਤਰੀ ਨਿਕੋਲੋ ਕੌਂਟੀ ਵਿਜੇ ਨਗਰ ਆਇਆ। ਇਸ ਤੋਂ ਪੰਜਾਹ ਸਾਲ ਪਿਛੋਂ ਰੂਸੀ ਯਾਤਰੀ ਅੱਕਾਨਾਸੀ ਨਿਕਤਨ ਨੇ ੧੪੭੦ ਤੋਂ ੧੪੭੪ ਈ: ਤੱਕ ਬਹਮਣੀ ਰਾਜ ਦੀ ਯਾਤਰਾ ਕੀਤੀ। ੧੫੨੨ ਈ: ਵਿਚ ਪੁਰਤਗਾਲੀ ਯਾਤਰੀ ਡੋਮਿੰਗੋਜ਼ ਪਾਇਸ ਵਿਜੇ ਨਗਰ ਆਇਆ। ੧੩ ਸਾਲ ਬਾਅਦ ਦੂਸਰਾ ਪੁਰਤਗਾਲੀ ਯਾਤਰੀ ਫਰਨਓ ਨੂਨਿਜ ਵੀ ਵਿਜੇ ਨਗਰ ਆਇਆ।

ਪਹਿਲਾ ਅੰਗਰੇਜ਼ ਯਾਤਰੀ

ਟਾਮਸ ਸਟੇਫੇਂਸ ਪਹਿਲਾ ਅੰਗਰੇਜ਼ ਸੀ ਜੋ ਭਾਰਤ ਆਇਆ। ਉਹ ਗੋਆ ਵਿਚ ਜੇਸੂਇਟ ਕਾਲਜ ਦਾ ਰੈਕਟਰ ਸੀ। ਉਹਨੇ ਅਪਣੇ ਪਿਤਾ ਨੂੰ ਜੋ ਪੱਤਰ ਲਿਖੇ ਉਹਨਾਂ ਨਾਲ ਇੰਗਲੈਂਡ ਵਿਚ ਭਾਰਤ ਵਾਸਤੇ ਬੜੀ ਦਿਲਚਸਪੀ ਪੈਦਾ ਹੋ ਗਈ।

ਉਸ ਤੋਂ ਬਾਅਦ ੧੫੮੩ ਈ: ਵਿਚ ਅੰਗਰੇਜ਼ ਵਪਾਰੀ ਫਿੱਚ ਅਪਣੇ ਦੋ ਸਾਥੀਆਂ ਨਾਲ ਭਾਰਤ ਆਇਆ। ਉਹ ਸੱਤ ਸਾਲ ਤਕ ਭਾਰਤ ਵਿਚ ਰਿਹਾ। ੧੫੯੨ ਵਿਚ ਉਸਨੇ ਵਾਪਸ ਇੰਗਲੈਂਡ ਜਾ ਕੇ ਭਾਰਤ ਦਾ ਅਖੀਂ ਡਿੱਠਾ ਹਾਲ ਲਿਖਿਆ। ਇਹਦੇ ਨਾਲ ਇੰਗਲੈਂਡ ਵਾਲਿਆਂ ਦੀ ਦਿਲ-ਚਸਪੀ ਭਾਰਤ ਵਿਚ ਹੋਰ ਵੀ ਵਧ ਗਈ।

੧੫੯੯ ਈ: ਵਿਚ ਤੀਸਰਾ ਅੰਗਰੇਜ਼ ਯਾਤਰੀ ਜਾਹਨ ਮਿਡਨਾਲ (ਮਿਲਡੇਨਹਾਲ) ਧਰਤੀ ਰਾਹੀਂ ਭਾਰਤ ਆਇਆ। ਉਹ ਅਕਬਰ ਦੇ ਦਰਬਾਰ ਵਿਚ ਆਗਰਾ ਵੀ ਗਿਆ। ਇਸ ਸਮੇਂ ਤਕ ਦੱਖਣੀ ਅਫਰੀਕਾ ਦਾ ਚੱਕਰ ਕੱਟ ਕੇ ਭਾਰਤ ਆਉਣ ਦਾ ਸਮੁੰਦਰੀ ਰਾਹ ਲੱਭ ਚੁੱਕਾ ਸੀ ਇਸ ਵਾਸਤੇ ਬਹੁਤ ਸਾਰੇ ਯੂਰਪੀਨ ਯਾਤਰੀ ਭਾਰਤ ਆਉਣ ਲਗੇ। ਇਹਨਾਂ ਲੋਕਾਂ ਵਿਚ ਹੀ ਕੈਪਟਨ ਵਿਲੀਅਮ ਹਾਕਿਨਜ਼ ਸੀ। ਹਾਕਿਨਜ਼ ਭਾਰਤ ਵਿਚ ੧੬੦੮ ਤੋਂ ੧੬੧੪ ਤੱਕ ਰਿਹਾ। ਉਹਨੇ ਭਾਰਤ ਦਾ ਦਿਲਚਸਪ ਹਾਲ ਪੇਸ਼ ਕੀਤਾ ਹੈ। ਸਰ ਟਾਮਸ ਰੋ ਅਤੇ ਪਾਦਰੀ ਐਡਵਰਡ ਟੇਰੀ ੧੬੧੫ ਤੋਂ ੧੬੧੯ ਈ: ਤੱਕ ਭਾਰਤ ਵਿਚ ਰਹੇ। ਫਰੈਂਕਵਾਯ ਬਰਨੀਅਰ ਅਤੇ ਜੀਨ ਬੈਪਟਿਸਟ ਟਰੈਵਨੀਅਰ ਸ਼ਾਹਜਹਾਨ ਦੇ ਰਾਜਕਾਲ (੧੬੨੭-੬੦) ਈ: ਵਿਚ ਆਏ ਅਤੇ ਉਸ ਵੇਲੇ ਦੇ ਦਿਲਚਸਪ ਹਾਲ ਲਿਖੇ ਹਨ।

Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER Phone : 3805

MODERN GUN WORKS

Opp. Industrial Estate,

JAMMU CANTT.

With best compliments from :-

NAMDHARI BROTHERS

Prop. S. AJIT SINGH

Main Bazar, DALTONGANJ (Bihar)

Dealers : KIRLOSKAR DIESEL ENGINE P. S. G. ELECTRIC MOTORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

New Namdhari Cloth House

WHOLE SALE CLOTH DEALERS

Main Bazar DALTONGANJ (Bihar)

Sri Satguru Jagjit Singh Ji Elibrary NamdhariElibrary@gmail.com

Approved By Department of :
AGRICULTURE PUNJAB GOVERNMENT
High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

DEPARTMENT OF AGRICULTURE QUALITY MARK PUNJAB GOVT.

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ
ਸਾਜ਼ ਸਾਮਾਨ ਬਨਾਉਣ ਵਾਲੇ

TRADE MARK
JASPAL

Grams : HABI INDUSTRIES Phone : 2737
HABI INDUSTRIES (Rsgd)
10, Industrial Area, PHAGWARA

ਪਰਸ਼ਨ ਸਿੰਘ ਪਰਸ਼ਨ ਸਨਮਾਨਿਤ

ਜੰਮੂ-ਕਸ਼ਮੀਰ ਵਿਚ ਪੰਜਾਬੀ ਗਜ਼ਲਾਂ ਦੀ ਦੇਵਨਾਗਰੀ ਲਿੱਪੀ ਵਿਚ ਛਪੀ ਹੋਈ ਪਹਿਲੀ ਪੁਸਤਕ 'ਧੁਖਦੇ ਅੱਖਰ' ਦੇ ਕਵੀ ਸਰਦਾਰ ਪਰਸ਼ਨ ਸਿੰਘ ਪਰਸ਼ਨ ਨੂੰ ਜੰਮੂ-ਕਸ਼ਮੀਰ ਸਰਕਾਰ ਦੇ ਇਕ ਸੰਸਥਾਨ ਅਕੈਡਮੀ ਆਫ ਆਰਟ ਕਲਚਰ ਐਂਡ ਲੈਂਗੁਏਜਜ਼ ਨੇ ਸਰਵ-ਉਤਮ ਸਹਿਤ ਰਚਨਾ ੧੯੯੩-੯੪ ਲਈ ਨਿਰਧਾਰਤ ਪ੍ਰਿਥਮ ਪੁਰਸਕਾਰ ਦੇ ਕੇ ਪੰਜਾਬੀ ਨੂੰ ਸਨਮਾਨਤ ਹੀ ਨਹੀਂ ਕੀਤਾ ਸਗੋਂ ਉਹਨਾਂ ਰਾਸ਼ਟਰਵਾਦੀ ਸ਼ਕਤੀਆਂ ਨੂੰ ਵੀ ਹੋਰ ਸ-ਸ਼ਕਤ ਕੀਤਾ ਹੈ ਜੋ ਕਿ ਭਾਸ਼ਾ ਨੂੰ ਕਿਸੇ ਧਰਮ, ਪ੍ਰਦੇਸ਼ ਜਾਂ ਵੰਰਗ ਵਿਸ਼ੇਸ਼ ਦੀਆਂ ਹੱਦਾਂ ਵਿਚ ਰਖਣ ਲਈ ਤਿਆਰ ਨਹੀਂ ਹਨ। ਪੰਜਾਬੀ ਦੀ ਇਹ ਪਹਿਲੀ ਪੁਸਤਕ ਹੈ ਜੋ ਦੇਵਨਾਗਰੀ ਲਿੱਪੀ ਵਿਚ ਛਪਕੇ ਜੰਮੂ-ਕਸ਼ਮੀਰ ਅਤੇ ਪੰਜਾਬ ਦੀਆਂ ਹੱਦਾਂ ਨੂੰ ਲੰਘ ਕੇ ਭਾਰਤ ਦੇ ਹਰ ਉਸ ਕੋਨੇ ਤਕ, ਜਿਥੇ ਕੇ ਪੰਜਾਬੀ ਲਿੱਪੀ ਦੇ ਜਾਣੂ ਨਹੀਂ ਹਨ, ਪੰਜਾਬੀ ਅਤੇ ਪੰਜਾਬੀਅਤ ਨੂੰ ਪੁਚਾਉਣ ਦਾ ਦਾਅਵਾ ਕਰ ਸਕਦੀ ਹੈ। ਇਹ ਗੱਲ ਨਹੀਂ ਕਿ ਇਸ ਪੁਸਤਕ ਨੂੰ ਪ੍ਰਥਮ ਪੁਰਸਕਾਰ ਸਿਰਫ ਦੇਵਨਾਗਰੀ ਲਿਪੀ ਵਿਚ ਛਪਣ ਕਰਕੇ ਹੀ ਮਿਲਿਆ ਹੋਵੇ, ਬਲਕਿ ਇਸ ਪੁਸਤਕ ਵਿਚ ਉਹ ਸਾਰੇ ਰਸ ਜਿਹੜੇ ਕੇ ਇਕ ਅੱਛੀ ਗਜ਼ਲ ਲਈ ਜ਼ਰੂਰੀ ਹਨ ਕੋਈ ਵੀ ਸੋਘਾ ਪਾਠਕ ਦੇਖ ਸਕਦਾ ਹੈ। ਇਹ ਪੁਸਤਕ ਗ਼ਜ਼ਲ ਸੰਗ੍ਰਹਿ ਦੇ ਰੂਪ ਵਿਚ ਹੈ ਅਤੇ ਵਿਦਵਾਨ ਕਵੀ ਨੇ ਆਦਮੀ ਦੀ ਹੋਂਦ ਤੇ ਉਸ ਦੀਆਂ ਅਨੁਭੂਤੀਆਂ ਤੇ ਹਰ ਖੇਤਰ ਨੂੰ ਛੋਹਣ ਦਾ ਸਫਲ ਜਤਨ ਕੀਤਾ ਹੈ।

ਦਰਦ, ਪਿਆਰ, ਰੋਹ-ਰੋਸਾ ਅਤੇ ਹਰ ਪਰਕਾਰ ਦੇ ਮਾਨਵੀ ਰਿਸ਼ਤੇ ਇਸ ਪੁਸਤਕ ਦੇ ਮੁਖ ਵਿਸ਼ੇ ਹਨ। ਏਹਦੇ ਨਾਲ ਹੀ ਅੱਜ ਦੀ ਵਿਵਸਥਾ ਦੀਆਂ ਵਿਡੰਬਨਾਵਾਂ ਵੀ ਕਵੀ ਦੀ ਪੈਂਦਾ ਦ੍ਰਿਸ਼ਟੀ ਤੋਂ ਬਚ ਨਹੀਂ ਸਕੀਆਂ। ਤੇ ਅੱਜ ਦਾ ਆਦਮੀ ਇਸ ਵਿਵਸਥਾ ਦੇ ਕਾਰਨ ਜੋ ਯਾਚਨਾਵਾਂ ਭੋਗ ਰਿਹਾ ਹੈ ਕਵੀ ਨੇ ਉਹਨਾਂ ਨੂੰ ਖੂਬ ਮਹਿਸੂਸ ਕੀਤਾ ਹੈ ਤੇ ਖੂਬਸੂਰਤ ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਉਹਨਾਂ ਨੂੰ ਕਮਾਲ ਦੀ ਅਭੀਵਿਅਤੀ ਦਿਤੀ ਹੈ।

Sri Satguru Jagjit Singh Ji Elibrary NamdhariElibrary@gmail.com

ਚੌਗਿਰਦਾ

ਪਲੀਜ਼ ਮੈਨੂੰ ਸੁਣੋ !

"ਮੈਂ ਇਕ ਬੱਚੀ ਕੁਝ ਕਹਿਣਾ ਚਾਹੁੰਦੀ ਹਾਂ ਪਲੀਜ਼ ਮੈਨੂੰ ਸੁਣੋ" ਉਹ ਆਪਣੇ ਹਿੱਟ ਗੀਤ ਸ਼ੁਰੂ ਕਰਨ ਤੋਂ ਪਹਿਲਾਂ "ਸਾਨੂੰ ਇਕ ਮੌਕਾ ਦਿਓ" ਕਹਿੰਦੀ ਹੈ ਤੇ ਆਪਣਾ ਗੀਤ ਸ਼ੁਰੂ ਕਰ ਦਿੰਦੀ ਹੈ। ਉਹ ਲਿਬਨਾਨ ਦੀ ਸਭ ਤੋਂ ਪ੍ਰਸਿਧ ਅਮਨ ਦੂਤ ਪੰਜ ਸਾਲਾ ਲੜਕੀ ਰੇਮੀ ਬੰਡਾਲੀ ਹੈ ਜੋ ਤਿੰਨ ਬੋਲੀਆਂ ਵਿਚ ਜੰਗ ਵਿਰੁਧ ਗੀਤ ਗਾਉਂਦੀ ਹੈ। ਬੰਡਾਲੀ ਆਪਣੇ ਪਿਤਾ ਰੇਨੇ ਵਲੋਂ ਤਿਆਰ ਕੀਤੇ ਗੀਤਾਂ ਨੂੰ ਗਾ ਕੇ ਕੌਮਾਂਤਰੀ ਸਰੋਤਿਆਂ ਦੇ ਦਿਲ ਤੇਜ਼ੀ ਨਾਲ ਜਿੱਤ ਰਹੀ ਹੈ। ਲੋਕ ਉਸ ਨੂੰ ਟੈਲੀਵੀਜਨ ਅਤੇ ਰੇਡੀਓ ਉਤੇ ਸੁਣਦੇ ਹਨ। ਨਵੇਂ ਸਾਲ ਦੇ ਮੌਕੇ ਉਤੇ ਪ੍ਰਧਾਨ ਦੇ ਮਹੱਲ ਵਿਚ ਉਸ ਨੂੰ ਸੁਣਦਿਆਂ ਹੋਇਆ ਸਰੋਤਿਆਂ ਦੀਆਂ ਅਖਾਂ ਭਰ ਆਈਆਂ। ਬੰਡਾਲੀ ਦੇ ਮਾਪਿਆਂ ਨੇ ਦਸਿਆ ਕਿ ਆਟੋ-ਗਰਾਫ ਲਈ ਲੋਕ ਉਸ ਨੂੰ ਲਭਦੇ ਫਿਰਦੇ ਹਨ—ਹਿਰਨ-ਅੱਖਾਂ ਵਾਲੀ ਇਹ ਨਿੱਕੀ ਜਿਹੀ ਕੁੜੀ ਫਰਾਂਸੀਸੀ, ਇੰਗਲਿਸ਼ ਅਤੇ ਅਰਬੀ ਵਿਚ ਗੀਤ ਗਾਉਂਦੀ ਹੈ। ਉਸਦੀ ਪ੍ਰਤਿਭਾ ਅਤੇ ਲੋਕ ਪ੍ਰਿਯਤਾ ਨੇ ਉਸ ਨੂੰ ਲਿਬਨਾਨ, ਜਿਹੜਾ ਕਿ ਉਸਦੀ ਉਮਰ ਤੋਂ ਦੁਗਣੇ ਸਮੇਂ ਤੋਂ ਖਾਨਾ ਜੰਗੀ ਦਾ ਸ਼ਿਕਾਰ ਹੈ, ਦੀ ਗੈਰ ਸਰਕਾਰੀ ਦੂਤ ਬਣਾ ਦਿਤਾ ਹੈ, ਲਿਬਨਾਨੀ ਸਰਕਾਰ ਉਸਦੇ ਵਧ ਤੋਂ ਵਧ ਪ੍ਰੋਗਰਾਮ ਕਰਵਾਉਣ ਵਿਚ ਸਰਗਰਮੀ ਨਾਲ ਰੋਲ ਅਦਾ ਕਰ ਰਹੀ ਹੈ। ਰੇਮੀ ਦੇ ਗੀਤਾਂ ਦੀ ਪਹਿਲੀ ਐਲਬਮ ਦੇ ਲਗਪਗ ਸਾਢੇ ਪੰਜ ਲਖ ਰਿਕਾਰਡ ਵਿਕੇ। ਉਸ ਦੇ ਮਾਪਿਆਂ ਵਲੋਂ ਉਸ ਦੇ ਗੀਤਾਂ ਤੋਂ ਪ੍ਰਾਪਤ ਹੋਈ ਕਮਾਈ ਵਿਚੋਂ ਕੁਝ ਰਕਮ ਲਿਬਨਾਨੀ ਬੱਚਾ ਫੰਡਾਂ ਵਿਚ ਜਮਾਂ ਕਰਵਾਈ ਜਾ ਰਹੀ ਹੈ।

ਪ੍ਰਮਾਣੂ ਠੰਡੀ ਰੁੱਤ

ਪ੍ਰਮਾਣੂ ਜੰਗ ਤੋਂ ਪਿਛੋਂ ਪ੍ਰਮਾਣੂ ਠੰਢੀ ਰੁੱਤ ਆ ਜਾਏਗੀ। ਅਮਰੀਕੀ ਕਾਂਗਰਸ ਦੀ ਇਕ ਸਾਂਝੀ ਕਮੇਟੀ ਸਾਹਮਣੇ ਦਸਿਆ ਗਿਆ ਹੈ ਕਿ 'ਪ੍ਰਮਾਣੂ ਠੰਢੀ ਰੁੱਤ' ਪ੍ਰਮਾਣੂ ਯੁੱਧ ਦਾ ਤਬਾਹਕੁਨ ਨਤੀਜਾ ਹੋਵੇਗੀ। ਜਿਸ ਵਿਚ ਸੂਰਜ ਮਿੱਟੀ ਘਟੇ ਅਤੇ ਧੂੰਏਂ ਵਿਚ ਡੁਬ ਜਾਏਗਾ। ਵਿਸ਼ਵ ਭਰ ਵਿਚ ਤਾਪਮਾਨ ਡਿਗ ਪਵੇਗਾ ਹਰ ਪ੍ਰਕਾਰ ਦੀ ਜ਼ਿੰਦਗੀ ਖਤਮ ਹੋ ਜਾਏਗੀ। ਅਮਰੀਕੀ ਰਖਿਆ ਮੰਤਰੀ ਦੇ ਸਹਾਇਕ ਰਿਚਰਡ ਵਾਂਗਰ ਨੇ ਆਪਣੇ ਬਿਆਨ ਵਿਚ ੧੨ ਜੁਲਾਈ ਨੂੰ ਕਿਹਾ ਸੀ ਕਿ ਵਿਸ਼ਵ ਤਾਪਮਾਨ ੨ ਤੋਂ ੪ ਡਿਗਰੀ ਡਿਗ ਸਕਦਾ ਹੈ ਉਸ ਨੇ ਦਸਿਆ ਕਿ ਨੀਵੀਂ ਪੱਧਰ ਵਾਲੇ ਪ੍ਰਮਾਣੂ ਅਦਾਨ ਪ੍ਰਦਾਨ ਵਿਚ ਵੀ ਪ੍ਰਮਾਣੂ ਠੰਢੀ ਰੁੱਤ ਦਾ ਅਸਰ ਹੋ ਸਕਦਾ ਹੈ। ਚਿਤਾਵਨੀ ਦਿਤੀ ਗਈ ਹੈ ਕਿ ਤਾਪਮਾਨ ਵਿਚ ਇਕ ਡਿਗਰੀ ਕਮੀ ਹੋਣ ਨਾਲ ਏਨੀ ਠੰਢ ਹੋ ਜਾਵੇਗੀ ਕਿ ਕਨੇਡਾ ਵਿਚ ਪੈਦਾ ਹੋਣ ਵਾਲੀ ਕਣਕ ਲਗਪਗ ਖਤਮ ਹੋ ਜਾਏਗੀ ਅਤੇ ਠੰਢ ਦਾ ਅਸਰ ਸਾਰੀ ਦੁਨੀਆਂ ਵਿਚ ਫੈਲ ਜਾਏਗਾ। ਅਮਰੀਕੀ ਡਾਕਟਰ ਸਾਮਾਨ ਦਾ ਕਹਿਣਾ ਹੈ ਕਿ ਪਹਿਲਾ ਪ੍ਰਮਾਣੂ ਹਮਲਾ ਸਵੈ-ਹਾਰ ਹੋਵੇਗੀ।

ਚਮਚਆਂ ਦੀ ਚਾਂਦੀ

'ਚਮਚਾਗਿਰੀ' ਸ਼ਬਦ ਨੂੰ ਨਫਰਤ ਨਾਲ ਦੇਖਿਆ ਜਾਂਦਾ ਹੈ ਪਰ ੨੦ ਹਜ਼ਾਰ ਸਾਲ ਪਹਿਲਾਂ ਪ੍ਰਾਚੀਨ ਭਾਰਤ ਵਿਚ ਚਮਚਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਚਮਚਿਆਂ ਨੂੰ ਰਾਜਿਆਂ ਦੇ ਸ਼ਾਹੀ ਦਰਬਾਰਾਂ ਵਿਚ ਮਾਨਯੋਗ ਸਥਾਨ ਦਿਤਾ ਜਾਂਦਾ ਸੀ ਤੇ ਉਹਨਾਂ ਨੂੰ ਕਾਫੀ ਤਨਖਾਹ ਦਿਤੀ ਜਾਂਦੀ ਸੀ। ਇਹ ਜਾਣਕਾਰੀ ਡਾ: ਐਸ.ਪੀ.ਤਿਵਾੜੀ ਨੇ ਪ੍ਰਾਚੀਨ ਭਾਰਤ ਬਾਰੇ ਇਕ ਸਰਵੇਖਣ 'ਚ ਦਿਤੀ ਹੈ। ਸਰਵੇਖਣ ਵਿਚ ਕਿਹਾ ਗਿਆ ਹੈ ਕਿ ਚਮਚੇ ਲੋਕਾਂ ਵਿਚ ਕਾਫੀ ਚਰਚਤ ਹੁੰਦੇ ਸਨ ਤੇ ਕਈ ਵਾਰ ਇਹ ਆਪਣੇ ਸਰਪ੍ਰਸਤਾਂ ਨਾਲੋਂ ਵੀ ਪ੍ਰਸਿਧ ਹੁੰਦੇ ਸਨ। ਡਾ: ਤਿਵਾੜੀ ਅਨੁਸਾਰ ਦੂਜੀ ਸਦੀ ਦੀਆਂ ਬੂਰਾ ਮਿਊਜ਼ੀਅਮ ਵਿਚ ਰੱਖੀਆਂ ਗਈਆਂ ਪਥਰ ਚਿਤਰਾਂ ਤੋਂ ਚਮਚਿਆਂ ਬਾਰੇ ਕਾਫੀ ਜਾਣਕਾਰੀ ਮਿਲਦੀ ਹੈ। ਸਰਵੇਖਣ ਤੋਂ ਪਤਾ ਲਗਦਾ ਹੈ ਕਿ ਚਮਚਾਗਿਰੀ ਜੱਦੀ ਪੁਸ਼ਤੀ ਕਿਤਾ ਹੁੰਦਾ ਸੀ। ਪੁਰਾਤਨ ਸ਼ਾਸਤਰੀ ਸਾਹਿਤ ਕਾਮਸੂਤਰ, ਨਾਇਯਾ-ਸ਼ਾਸ਼ਤਰ, ਕੋਸ਼ ਕੁਮਾਰ ਚਰਿਤ ਤੇ ਸ਼ਤਰੂਬਾਣੀ ਵਿਚ ਵੀ ਚਮਚਿਆਂ ਬਾਰੇ ਜ਼ਿਕਰ ਮਿਲਦਾ ਹੈ।

ਧਰਤੀ 'ਤੇ ਜਨਮ ਅਕਾਸ਼ 'ਚ ਖਬਰ

ਮਾਸਕੋ, ਸੋਵੀਅਤ ਪੁਲਾੜ ਯਾਤਰੀ ਲਿਓਨਿਦ ਕਿਜ਼ਿਮ ਧਰਤੀ ਦਾ ਪਹਿਲਾ ਵਿਅਕਤੀ ਹੈ ਜਿਸ ਨੂੰ ਆਪਣੀ ਬੱਚੀ ਦੇ ਜਨਮ ਦੀ ਖਬਰ ਪੁਲਾੜ ਵਿਚ ਚੱਕਰ ਲਾਉਂਦਿਆਂ ਮਿਲੀ।

ਸਾਲਯੂਤ-੭ ਪੁਲਾੜ ਸਟੇਸ਼ਨ ਵਿਚ ਉਸ ਨੂੰ ਉਸ ਦੀ ਬੱਚੀ ਦੇ ਜਨਮ

Sri Satguru Jagjit Singh Ji Elibrary NamdhariElibrary@gmail.com

ਦੀ ਖਬਰ ਗਰਾਊਂਡ ਕੰਟਰੋਲ ਨਾਲ ਸੰਚਾਰ ਸਿਲਸਲਾ ਸ਼ੁਰੂ ਉਤੇ ਦਿਤੀ ਗਈ।

ਅਗਲੇ ਸੰਚਾਰ ਸੈਸ਼ਨ ਤੇ ਟੈਲੀ-ਵੀਯਨ ਮਿਲਾਪ ਸਮੇਂ ਕਿਜ਼ਿਮ ਨੂੰ ਉਸਦੀ ਪਤਨੀ ਗਲੀਨਾ ਨੇ ਦਸਿਆ ਕਿ ਬੱਚੀ ਦਾ ਨਾਂਅ ਤਾਤੀਆਨਾ ਰਖਿਆ ਗਿਆ ਹੈ—ਇਸ ਨਾਂਅ ਉਤੇ ਦੋਹਵੇਂ ਪਹਿਲਾਂ ਹੀ ਸਹਿਮਤ ਸਨ।

ਟੈਲੀਵੀਯਨ ਉਤੇ ਕਿਜ਼ਿਮ ਨੇ ਆਪਣੀ ਬਚੀ ਵੀ ਦੇਖੀ।

ਰੇਲ ਪਟੜੀ ਤੇ ਬੱਸ ਚਲਾਈ

ਸ਼ਿਕਾਰ (ਰਾਜਸਥਾਨ), ਹਰਿਆਣਾ ਰੋਡਵੇਜ਼ ਦੇ ਇਕ ਡਰਾਈਵਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਨੇ ਸ਼ਰਾਬੀ ਹਾਲਤ ਵਿਚ ਤਿੰਨ ਕਿਲੋਮੀਟਰ ਤਕ ਰੇਲਵੇ ਪਟੜੀ ਉਤੇ ਬਸ ਚਲਾਈ ਪਰੰਤੂ ਇਸ ਨਾਲ ਕੋਈ ਵੀ ਹਾਦਸਾ ਪੇਸ਼ ਨਹੀਂ ਆਇਆ ਕਿਉਂਕਿ ਇਸ ਬਸ ਦੇ ਕੰਡਕਟਰ ਨੇ ਰੇਲਵੇ ਅਧਿਕਾਰੀਆਂ ਨੂੰ ਸਮੇਂ ਸਿਰ ਸੂਚਿਤ ਕਰ ਦਿਤਾ ਸੀ।

ਦੇਰ ਨਾਲ ਪੁਜੀ ਇਕ ਰੀਪੋਰਟ ਦਾ ਕਹਿਣਾ ਹੈ ਕਿ ਡਰਾਈਵਰ ਝੁਨਝਨੂ ਨੇੜੇ ਫਾਟਕ ਨੂੰ ਪਾਰ ਕਰਨਾ ਚਾਹੁੰਦਾ ਸੀ।

ਰੇਲਵੇ ਅਧਿਕਾਰੀਆਂ ਨੇ ਮਾਧੋਪੁਰ ਐਕਸਪ੍ਰੈਸ ਨੂੰ ਚਲਣ ਤੋਂ ਰੋਕ ਦਿਤਾ ਜੋ ਕਿ ਰੇਲਵੇ ਸਟੇਸ਼ਨ ਤੋਂ ਚਲਣ ਹੀ ਵਾਲੀ ਸੀ।

ਰੇਸ਼ਮੀ ਗਲੀਚਾ ਨਿਲਾਮੀ ਦੀ ਮੰਡੀ 'ਚ

ਲੰਦਨ—ਸੰਸਾਰ ਦਾ ਸਭ ਤੋਂ ਮਹਿੰਗਾ ਈਰਾਨੀ ਗਲੀਚਾ ਜਿਸ ਦੀ ਕੀਮਤ ਇਕ ਲਖ ੧੫ ਹਜ਼ਾਰ ਪੌਂਡ ਰੱਖੀ ਗਈ ਹੈ, ਵਿਕਣ ਲਈ ਬਜ਼ਾਰ ਵਿਚ ਆ ਗਿਆ ਹੈ, ਇਹ ਗਲੀਚਾ ਈਰਾਨ ਦੇ ਜਲਾਵਤਨ ਸਖਾਈ ਪ੍ਰਵਾਰ ਵਲੋਂ ਵੇਚਿਆ ਜਾ ਰਿਹਾ ਹੈ, ਇਸ ਪਰਿਵਾਰ ਦਾ ਈਰਾਨੀ ਗਲੀਚਿਆਂ ਦੀ ਸਨਅਤ ਉਤੇ ੧੦੦ ਸਾਲ ਤੋਂ ਵੀ ਵਧ ਸਮੇਂ ਤਕ ਅਧਿਕਾਰ ਰਿਹਾ।

ਗਲੀਚਾ, ਜੋ ੯ ਮੀਟਰ ਲੰਬਾ ਅਤੇ ਪੰਜ ਮੀਟਰ ਚੌੜਾ ਹੈ, ਰੇਸ਼ਮ ਅਤੇ ਉਨ ਦਾਂ ਬਣਿਆ ਹੋਇਆ ਹੈ, ਈਰਾਨ ਵਿਚ ਤਬਦੀਲੀ ਤੋਂ ਬਾਦ ਇਹਨਾਂ ਗਲੀਚਿਆ ਦੀਆਂ ਕੀਮਤਾਂ ਵਿਚ ਹਰ ਸਾਲ ੨੦ ਫੀਸਦੀ ਵਾਧਾ ਹੁੰਦਾ ਚਲਾ ਆ ਰਿਹਾ ਹੈ, ਅਜਿਹਾ ਇਸ ਨੂੰ ਬਨਾਉਣ ਅਤੇ ਬਰਾਮਦ ਕਰਨ ਦੀਆਂ ਮੁਸ਼ਕਲਾਂ ਕਾਰਨ ਹੋ ਰਿਹਾ ਹੈ।

ਪਹਾੜ ਖਿਸਕ ਰਹੇ ਹਨ

ਹਿਮਾਲੀਆ ਪਹਾੜਾਂ ਅਤੇ ਇਸ ਖਿਤੇ ਦੇ ਹੋਰ ਪਹਾੜਾਂ ਬਾਰੇ ਇਕ ਅਧਿਅਨ ਵਿਚ ਇਹ ਚਿਤਾਵਨੀ ਦਿਤੀ ਗਈ ਹੈ ਕਿ ਇਹ ਪਹਾੜ ਪਿਛਲੇ ਕਰੋੜਾਂ ਸਾਲਾਂ ਤੋਂ ਲਗਾ ਤਾਰ ਥਲੇ ਵਲ ਆ ਰਹੇ ਹਨ।

ਇਸ ਅਧਿਅਨ ਵਿਚ ਕਿਹਾ ਗਿਆ ਹੈ ਕਿ ਹਿਮਾਲੀਆ ਪ੍ਰਬਤ ਹਰ ਸਾਲ ਦੋ ਜਾਂ ਤਿੰਨ ਮੀਟਰ ਖਿਸਕ ਰਿਹਾ ਹੈ।

ਖੋਰੇ ਦੀ ਸਮਸਿਆ ਬਾਰੇ ਬੜੀ ਗਹਿਰਾਈ ਨਾਲ ਅਧਿਅਨ ਕਰਨ ਵਾਲੇ ਸਮਾਜਕ ਵਰਕਰਾਂ ਦੇ ਇਕ ਗਰੁਪ ਨੇ ਕਿਹਾ ਹੈ ਕਿ ਜੇਕਰ ਕੋਈ ਢੰਗ ਇਹਨਾਂ ਪਹਾੜਾਂ ਨੂੰ ਖਿਸਕਣ ਤੋਂ ਰੋਕਣ ਦਾ ਹੈ ਤਾਂ ਇਹ ਸਿਰਫ ਸਬਜ਼ੀਆਂ ਉਗਾਉਣ ਦਾ ਹੀ ਹੈ। ਕਿਉਂਕਿ ਪੌਦੇ ਜ਼ਮੀਨ ਉਤੇ ਮੀਂਹ ਦੀ ਮਾਰ ਦੀ ਤਾਕਤ ਨੂੰ ਬਹੁਤ ਹੱਦ ਤਾਈਂ ਘਟਾ ਦਿੰਦੇ ਹਨ, ਇਸ ਨਾਲ ਪਾਣੀ ਦੇ ਜ਼ਮੀਨ ਵਿਚ ਰਿਸਣ ਦੀ ਸੰਭਾ-ਵਨਾ ਵੀ ਵਧ ਜਾਂਦੀ ਹੈ ਅਤੇ ਜ਼ਮੀਨ ਤੋਂ ਧੂੜ ਉਡਣ ਦਾ ਵੀ ਡਰ ਵੀ ਨਹੀਂ ਰਹਿੰਦਾ।

ਨਿਮਰਤਾ

ਰਾਸ਼ਟਰਪਤੀ ਲਿੰਕਨ ਆਪਣੀ ਗੱਡੀ ਵਿਚ ਕਿਧਰੇ ਜਾ ਰਹੇ ਸਨ ਕਿ ਰਾਹ ਵਿਚ ਇਕ ਬੁੱਢੇ ਨੀਗਰੋ ਨੇ ਉਨ੍ਹਾਂ ਦੇ ਸਨਮਾਨ ਵਿਚ ਸਿਰ ਝੁਕਾ ਕੇ ਟੋਪੀ ਰਤਾ ਕੁ ਉਤਾਂਹ ਚੁਕੀ। ਜੁਆਬ ਵਿਚ ਲਿੰਕਨ ਨੇ ਵੀ ਉਵੇਂ ਹੀ ਕੀਤਾ। ਨਾਲ ਬੈਠਾ ਉਨ੍ਹਾਂ ਦਾ ਇਕ ਦੋਸਤ ਇਹ ਵੇਖ ਕੇ ਕਹਿਣੋਂ ਨਾ ਰਿਹਾ—"ਦੇਸ ਦੇ ਪ੍ਰਧਾਨ ਹੋ ਕੇ ਤੁਸੀਂ ਨੀਗਰੋ ਸਾਹਮਣੇ ਸਿਰ ਕਿਉਂ ਨਿਵਾਇਆ?" ਲਿੰਕਨ ਨੇ ਬੜੇ ਸਹਿਜ ਨਾਲ ਕਿਹਾ "ਇਸ ਲਈ ਕਿ ਮੈਂ ਕਦੇ ਕਿਸੇ ਨੂੰ ਆਪਣੇ ਨਾਲੋਂ ਵਧੇਰੇ ਨਿਮਰਤਾ ਵਿਖਾਉਣ ਦਾ ਮੌਕਾ ਨਹੀਂ ਦੇਣਾ ਚਾਹੁੰਦਾ।"

ਸੁਪਨੇ

ਆਦਮੀ ਜਦੋਂ ਬੁੱਢਾ ਹੋ ਜਾਂਦਾ ਹੈ, ਮੇਰੇ ਵਾਂਗ ਬਹੁਤ ਬੁੱਢਾ, ਤਾਂ ਉਸ ਨੂੰ ਸੁਪਨੇ ਆਪਣੇ ਆਪ ਆਉਣ ਲਗਦੇ ਹਨ। ਤੁਸੀਂ ਨਹੀਂ ਜਾਣਦੇ ਕਿ ਇਹ ਹਾਲਤ ਕਿੰਨੀ ਭਿਆਨਕ ਹੁੰਦੀ ਹੈ। ਜਵਾਨੀ ਵਿਚ ਹਰ ਆਦਮੀ ਰਾਤ ਵੇਲੇ ਸੌਂਦਾ ਹੈ ਤੇ ਡੂੰਘੀ ਨੀਂਦੇ ਸੌਂਦਾ ਹੈ। ਪਰ ਵਡੇਰੀ ਉਮਰ ਦਾ ਹੋ ਕੇ ਆਦਮੀ ਦੁਪਹਿਰ ਵੇਲੇ ਵੀ ਸੌਣ ਲਗਦਾ ਹੈ। ਫੇਰ ਹੋਰ ਕੁਝ ਸਾਲਾਂ ਪਿਛੋਂ ਉਹ ਸਵੇਰ ਵੇਲੇ ਵੀ ਸੌਣਾ ਸ਼ੁਰੂ ਕਰ ਦਿੰਦਾ ਹੈ ਤੇ ਉਠਣ ਤੇ ਬੜਾ ਥੱਕਿਆ ਥੱਕਿਆ ਮਹਿਸੂਸ ਕਰਦਾ ਹੈ—ਜ਼ਿੰਦਗੀ ਤੋਂ ਥੱਕਿਆ ਹੋਇਆ। ਉਸ ਪਿਛੋਂ ਆਦਮੀ ਹਮੇਸ਼ਾ ਉਘਲਾਂਦੇ ਰਹਿਣ ਅਤੇ ਸੁਪਨੇ ਵੇਖਣ ਤੋਂ ਕਦੇ ਛੁਟਕਾਰਾ ਨਹੀਂ ਪਾ ਸਕਦਾ। ਸੁਪਨੇ ਹਰ ਵੇਲੇ ਉਸਦਾ ਪਿਛਾ ਕਰਦੇ ਰਹਿੰਦੇ ਹਨ।

—ਬਰਨਾਰਡ ਸ਼ਾਅ

Sri Satguru Jagjit Singh Ji Elibrary NamdhariElibrary@gmail.com

ਵਿਅੰਗ ਲੇਖ

ਵਿਸ਼ਰਾਮ ਬੰਦ

ਪਿਆਰਾ ਸਿੰਘ 'ਦਾਤਾ'

ਇਹ ਲੇਖ ਸ: ਪਿਆਰਾ ਸਿੰਘ ਦਾਤਾ ਦੇ ਮਾਸਕ-ਪੱਤਰ ਨਵਾਂ ਸਾਹਿਤ ਦੇ ਅਪਰੈਲ ਅੰਕ ਵਿਚੋਂ ਅਸੀਂ ਧਨਵਾਦ ਸਹਿਤ ਛਾਪ ਰਹੇ ਹਾਂ। ਗੂੜ੍ਹੀ ਨੀਝ ਨਾਲ ਵੇਖਿਆਂ ਪਾਠਕਾਂ ਨੂੰ ਵਰਿਆਮ ਦੇ ਦਸੰਬਰ ੮੩ ਅੰਕ ਵਿਚ ਛੱਪੇ ਲੇਖ 'ਵਰਿਆਮ ਬੰਦ' ਨਾਲ ਇਸ ਦੀ ਸਾਂਝ ਪ੍ਰਤੱਖ ਦਿਸੇਗੀ।

—ਸੰਪਾਦਕ

ਸਮਕਾਲੀ ਵਿਸ਼ਰਾਮ ਦੇ ਪਿਛਲੇਰੇ ਪਰਚੇ ਵਿਚ "ਵਿਸ਼ਰਾਮ ਬੰਦ" ਦਾ ਨੋਟ ਪੜ੍ਹਕੇ ਖੁਸ਼ੀ ਵੀ ਹੋਈ, ਤੇ ਹੈਰਾਨੀ ਵੀ। ਖੁਸ਼ੀ ਇਸ ਲਈ ਕਿ ਜਿਹੜਾ ਕੰਮ ਕਈ ਸਾਲਾਂ ਦੀ ਲਗਾਤਾਰ ਕੋਸ਼ਿਸ਼ ਮਗਰੋਂ ਵੀ ਅਸੀਂ ਨਹੀਂ ਕਰ ਸਕੇ, ਉਹ ਜਗਜੀਤ ਜੀ ਨੇ ਮਿੰਟਾਂ 'ਚ ਕਰ ਦਿਤਾ। ਅਸੀਂ ਬੜੀ ਦੇਰ ਤੋਂ ਸੋਚ ਰਹੇ ਸਾਂ, ਕਿ ਇਹ ਜੋ ਪੰਜਾਬੀ ਮਾਂ ਦੀ ਸੇਵਾ ਦਾ ਭੂਤ ਸਾਡੇ ਸ਼ਿਰ ਸਵਾਰ ਹੈ, ਇਸ ਨੂੰ ਛੇਤੀ ਤੋਂ ਛੇਤੀ ਗਲੋਂ ਲਾਹ ਦੇਣਾ ਚਾਹੀਦਾ ਹੈ।

ਸੰਨ ੧੯੬੬ ਵਿਚ ਇਹ ਬੀਮਾਰੀ ਸਾਡੇ ਗੱਲ ਚੰਬੜੀ ਸੀ, ਜਿਸਨੇ ਅਜ ਤਕ ਪਿਛਾ ਨਹੀਂ ਛੱਡਿਆ। ਉਦੋਂ ਰੀਝ ਸੀ, ਕਿ ਪੰਜਾਬੀ ਵਿਚ ਆਪਣੀ ਕਿਸਮ ਦਾ ਇਕ ਅਨੋਖਾ ਜਿਹਾ ਹਾਸ ਵਿਅੰਗ ਮਾਸਕ ਪੱਤਰ ਕਢਿਆ ਜਾਏ। ਉਸ ਰਾਹੀਂ ਮਾਂ ਬੋਲੀ ਪੰਜਾਬੀ ਦੀ ਰਜ ਕੇ ਸੇਵਾ ਕੀਤੀ ਜਾਵੇ। ਛੇਤੀ ਇਹ ਪੱਤਰ ਪੰਜਾਬੀਆਂ ਦਾ ਸਰਬ ਸਾਂਝਾ ਮੈਗਜ਼ੀਨ ਗਿਣਿਆ ਜਾਵੇਗਾ ਤੇ ਪਿਸ਼ਾਵਰ ਤੋਂ ਲੈ ਕੇ ਗੁੜਗਾਂਉ ਤੀਕ ਹਰ ਪੰਜਾਬੀ ਪਿਆਰਾ ਇਸਨੂੰ ਅਪਣਾ ਲਏਗਾ। ਪੰਜਾਬੀਆਂ ਦੇ ਸਾਂਝੇ ਯਤਨ ਨਾਲ ਇਹ ਮਾਸਕ ਪੱਤਰ ਛੇਤੀ ਹੀ ਆਪਣੇ ਪੈਰਾਂ ਤੇ ਖੜੋ ਜਾਏਗਾ। ਆਰਥਿਕ ਪੱਖ ਵਜੋਂ ਵੀ ਇਹ ਸੌਦਾ ਘਾਟੇ ਦਾ ਨਹੀਂ ਰਹੇਗਾ, ਸੰਪਾਦਕ ਇਸ ਦੀ ਆਮਦਨ ਚੋਂ ਆਪਣੀ ਟੁਟੀ-ਫੁਟੀ ਝੌਂਪੜੀ ਦੀ ਥਾਂ ਤਿੰਨ-ਮੰਜ਼ਲੀ ਕੋਠੀ ਖੜੀ ਕਰ ਲਏਗਾ। ਬਾਲ ਬਚੇ ਤੇ ਸ੍ਰੀਮਤੀ ਜੀ ਵੀ ਚਾਰ ਦਿਨ ਸੁਖ ਦੇ ਕਟਣਗੇ। ਇਹੀ ਨਿਸ਼ਾਨਾ ਸਾਮ੍ਹਣੇ ਰਖਕੇ ਅਸੀਂ ਆਪਣੇ ਮਾਸਕ ਪਤਰ ਦੀ ਬੁਨਿਯਾਦ ਰਖ ਦਿਤੀ। ਉਦੋਂ ਅਸੀਂ ਸਮਝਦੇ ਸਾਂ, ਕਿ ਭਾਰਤ ਤੇ ਪਾਕਿਸਤਾਨ ਦੇ ੫ ਕਰੋੜ ਪੰਜਾਬੀ ਜਿਸ ਪਰਚੇ ਦੇ ਸਿਰ ਤੇ ਹਥ ਰਖਣਗੇ. ਉਹਨਾਂ ਦੀਆਂ ਕੀਮਤੀ ਅਸ਼ੀਰ-ਵਾਦਾਂ ਇਸ ਨਾਲ ਹੋਣਗੀਆਂ, ਤਾਂ ਇਹ ਅਵੱਸ਼ ਸਫਲਤਾ ਦੀਆਂ ਸਿਖਰਾਂ ਛੂਹੇਗਾ, ਤੇ ਪੰਜਾਬੀ ਮਾਂ ਦੀਆਂ ਅਸੀਸਾਂ ਪ੍ਰਾਪਤ ਕਰੇਗਾ।

ਪੰਜ ਕਰੋੜ ਪੰਜਾਬੀਆਂ ਦੀ ਮਾਂ ਬੋਲੀ ਤੇ ਪਹਿਲਾ ਹਲਾ ੧੯੪੭ ਵਿਚ ਹੋਇਆ, ਜਦੋਂ ੪ ਕਰੋੜ ਪੰਜਾਬੀ ਸਾਡੇ ਨਾਲੋਂ ਕਟ ਕੇ ਵਾਗ੍ਹੇ ਦੀਆਂ ਸਰਹਦਾਂ ਤੋਂ ਪਾਰ ਰਹਿ ਗਏ। ਇਸ ਪਿਛੋਂ ਵੀ ਪੰਜਾਬ ਦੀਆਂ ਹੱਦਾਂ ਅਟਾਰੀ ਤੋਂ ਲੈ ਕੇ ਦਿੱਲੀ ਨੂੰ ਛੂੰਹਦੀਆਂ ਸਨ। ਉਦੋਂ ਹਿਮਾਚਲ ਪਰਦੇਸ਼ ਤੇ ਹਰਿਆਣੇ ਦਾ ਭਾਰਤ ਦੇ ਨਕਸ਼ੇ ਵਿਚ ਨਾਂ-ਨਿਸ਼ਾਨ ਨਹੀਂ ਸੀ। ਪੰਜਾਬੀ, ਨਗਰ ਨਗਰ, ਸ਼ਹਿਰ ਸ਼ਹਿਰ ਛਾਏ ਹੋਏ ਸਨ, ਤੇ ਪੰਜਾਬੀ ਬੋਲੀ ਹਰ ਥਾਂ ਪ੍ਰਧਾਨ ਸੀ। ਇਸ ਵਿਸ਼ਾਲ ਸੂਬੇ ਦੇ ਹਰ ਸਕੂਲ ਵਿਚ ਪੰਜਾਬੀ ਪੜ੍ਹਾਈ ਜਾਂਦੀ ਸੀ। ਜਦੋਂ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਦੀ ਹੋਂਦ ਤੋਂ ਹੀ ਇਨਕਾਰ ਕਰ ਦਿਤਾ, ਤਾਂ ਪੰਜਾਬੀ ਦੇ ਮੁਦੱਈਆਂ ਨੇ ਪੰਜਾਬੀ ਦੇ ਹਕ ਵਿਚ ਮੋਰਚਾ ਖੜਾ ਕਰ ਦਿਤਾ। ਪੰਜਾਬੀ ਸੂਬੇ ਦੇ ਮੋਰਚੇ ਨੇ ਇਸ ਅਰਧ—ਪੰਜਾਬ ਦੀਆਂ ਟੰਗਾਂ ਵੀ ਤੋੜ ਕੇ ਰਖ ਦਿਤੀਆਂ। ਪੰਜਾਬ ਦੇ ੪੦ ਦੀ ਥਾਂ ੧੨-੧੩ ਜ਼ਿਲੇ ਰਹਿ ਗਏ। ਬਾਕੀ ਜ਼ਿਲਿਆਂ ਵਿਚ ਪੰਜਾਬੀ ਦੀ ਪੜ੍ਹਾਈ ਠੱਪ ਹੋ ਗਈ। ਪੰਜਾਬੀ ਪਿਆਰੇ ਤੜਪ ਉਠੇ, ਪਰ ਹੁਣ ਕੀ ਹੋ ਸਕਦਾ ਸੀ? ਲੰਗੜਾ ਪੰਜਾਬ ਹੀ ਸਭ ਨੂੰ ਪ੍ਰਵਾਨ ਕਰਨਾ ਪਿਆ। ਪੰਜਾਬ ਦੀ ਧਰਤੀ ਤੇ ਪੰਜਾਬੀ ਬੋਲੀ ਦੀ ਇਹ ਦੁਰਦਸ਼ਾ ਦੇਖ ਦਿਲ ਰੋ ਉਠਿਆ। ਪਰ ਫਿਰ ਵੀ ਇਹ ਸੋਚ ਕੇ ਮਨ ਨੂੰ ਤਸਲੀ ਹੋਈ, ਕਿ ਚਲੋ ਇਸ ਨਵੇਂ ਸਿਰਜੇ ਪੰਜਾਬ ਦੇ ਵਾਸੀ ਤਾਂ ਆਪਣੀ ਮਾਂ ਬੋਲੀ ਨੂੰ ਅਪਣਾਉਣਗੇ

Sri Satguru Jagjit Singh Ji Elibrary NamdhariElibrary@gmail.com

ਹੀ ਨ, ਪਰ ਸਭ ਕੁਝ ਇਸ ਦੇ ਉਲਟ ਹੀ ਹੋਇਆ। ਦੇਸ਼ ਵੰਡ ਮਗਰੋਂ ਜੋ ਪੰਜਾਬੀ ਆਰਥਿਕ ਪਖੋਂ ਕਮਜ਼ੋਰ ਸਨ, ਓਹ ਨੌਕਰੀਆਂ ਜਾਂ ਛੋਟੇ ਮੋਟੇ ਕਾਰੋਬਾਰ ਪਿਛੇ ਪੈ ਗਏ। ਜਿਨ੍ਹਾਂ ਦਾ ਇਹ ਪਖ ਮਜ਼ਬੂਤ ਸੀ, ਉਨ੍ਹਾਂ ਆਪਣੇ ਅਨੰਦ-ਮਈ ਜੀਵਣ ਦਾ ਆਸਰਾ ਲਿਆ ਤੇ ਬਾਕੀ ਵਾਧੂ ਬਚਦੇ ਸਮੇਂ ਵਿਚ ਲੜਾਈ ਝਗੜਿਆਂ ਵਿਚ ਰੁਝ ਗਏ। ਉਹ ਇਸ ਅਨੰਦ ਲਈ ਤੇ ਐਸ਼ ਇਸ਼ਰਤ ਦੀ ਜ਼ਿੰਦਗੀ ਵਿਚ ਅਜੇਹੇ ਫਸੇ, ਕਿ ਉਹਨਾਂ ਨੂੰ ਆਪਣੀ ਮਾਂ ਬੋਲੀ ਦੀ ਹੋਸ਼ ਹੀ ਨਾ ਰਹੀ।

ਇਨ੍ਹੀਂ ਦਿਨੀਂ ਅਸੀਂ ਕਈ ਵਾਰ ਆਪਣੇ ਪਰਚੇ ਨੂੰ ਬੰਦ ਕਰਨ ਬਾਰੇ ਸੋਚਿਆ, ਪਰ ਸਾਹਿਤਕ ਝੱਸ ਦਾ ਭੂਤ ਸਿਰ ਤੇ ਅਜਿਹਾ ਸਵਾਰ ਹੋਇਆ, ਕਿ ਦਿਨ-ਬ-ਦਿਨ ਘਾਟੇ ਵਿਚ ਜਾ ਰਿਹਾ ਪਰਚਾ ਜਾਰੀ ਰਖਣ ਲਈ ਮਜਬੂਰ ਹੋ ਗਏ।

ਮੈਂ ਸਮਝਦਾ ਸਾਂ ਕਿ ਸਾਹਿਤਕਾਰ, ਕਲਾਕਾਰ ਤੇ ਹੋਰ ਸਭ ਕਾਰ ਬੇਕਾਰ ਆਪਣੇ ਆਪ ਨੂੰ ਦੁਨੀਆਂ ਨਾਲੋਂ ਵਧੇਰੇ ਸਿਆਣੇ ਤਜਰਬੇਕਾਰ ਤੇ ਨਿਆਰੇ ਸਮਝ ਅਕਾਸ਼ ਤੇ ਉਡਦੇ ਹਨ। ਉਨ੍ਹਾਂ ਦੇ ਪੈਰ ਆਮ ਬੰਦਿਆਂ ਵਾਂਗੂ ਧਰਤੀ ਨੂੰ ਛੂੰਹਦੇ ਹੀ ਨਹੀਂ। ਅਸੀਂ ਵੀ ਉਨ੍ਹਾਂ ਵਿਚੋਂ ਇਕ ਸਾਂ, ਜੋ ਗਲ ਪਿਆ ਢੋਲ ਵਜਾ ਰਹੇ ਸਾਂ, ਤੇ ਆਪਣੇ ਆਪ ਵਿਚ ਇਸ ਢੋਲ ਨੂੰ ਗਲੋਂ ਲਾਹ ਦੇਣ ਦੀ ਸ਼ਕਤੀ ਮੁਰਦਾ ਹੋ ਗਈ ਸੀ।

ਇਨ੍ਹੀਂ ਦਿਨੀਂ ਹੀ ਆਪਣੇ ਅਜ਼ੀਜ਼ ਮਿੱਤਰ ਜਗਜੀਤ ਜੀ ਦੀ ਮੁਲਾਕਾਤ ਗੁਲਮਰਗ (ਕਸ਼ਮੀਰ) ਵਿਖੇ ਹੋ ਗਈ। ਜਦੋਂ ਅਸੀਂ ਟੰਨਮਰਗ ਤੋਂ ਪੈਦਲ ਤੁਰ ਕੇ ਉੱਚੀ ਪਹਾੜੀ ਨੂੰ ਪਾਰ ਕਰਕੇ ਮੈਦਾਨ ਵਿਚ ਪੁਜੇ ਤਾਂ ਅਸਾਂ ਦੋਹਾਂ ਦੀ ਖਿਲਨ ਮਰਗ ਜਾਣ ਦੀ ਤਿਆਰੀ ਹੋ ਗਈ। ਉਸ ਸਮੇਂ ਮੌਸਮ ਠੰਡਾ ਸੀ, ਤੇ ਮਾਮੂਲੀ ਜਿਹੀ ਬੂੰਦਾਬਾਂਦੀ ਹੋ ਰਹੀ ਸੀ। ਜਦੋਂ ਅਸੀਂ ਘੋੜਿਆਂ ਤੇ ਚੜ੍ਹ ਕੇ ਥੋੜੀ ਦੂਰ ਗਏ, ਤਾਂ ਥੋੜ੍ਹੀ-ਥੋੜ੍ਹੀ ਬਰਫ ਪੈਣੀ ਸ਼ੁਰੂ ਹੋ ਗਈ। ਇਥੋਂ ਅਗੇ ਚੰਗੀ ਤਕੜੀ ਚੜ੍ਹਾਈ ਸੀ। ਜਿਉਂ ਜਿਉਂ ਅਸੀਂ ਇਹ ਚੜ੍ਹਾਈ ਚੜ੍ਹਦੇ ਗਏ, ਤਿਉਂ-ਤਿਉਂ ਬਰਫ ਪੈਣੀ ਤੇਜ਼ ਹੁੰਦੀ ਗਈ। ਘੰਟੇ ਕੁ ਮਗਰੋਂ ਜਦੋਂ ਅਸੀਂ ਖਿਲਨ ਮਰਗ ਪੁਜੇ, ਤਾਂ ਆਸ-ਪਾਸ ਦੀਆਂ ਪਹਾੜੀਆਂ ਬ੍ਰਿਛ ਬੂਟੇ ਤੇ ਧਰਤੀ ਤੇ ਬਰਫ ਦੀ ਚਿੱਟੀ ਚਾਦਰ ਵਿਛੀ ਹੋਈ ਦੇਖੀ। ਅਸੀਂ ਬਰਫ ਨਾਲ ਸੁੰਨ ਹੋ ਗਏ। ਬਾਕੀ ਘੋੜ ਸਵਾਰ ਤਾਂ ਰਾਹ ਵਿਚ ਕਿਸੇ ਬ੍ਰਿਛ ਹੇਠਾਂ ਜਾਂ ਉੱਚੀ ਹੋਈ ਚਟਾਨ ਹੇਠਾਂ ਖਲੋ ਗਏ ਪਰ ਅਸੀਂ ਤਾਂ ਜਿਵੇਂ ਤੱਹਈਆ ਹੀ ਕਰ ਲਿਆ ਸੀ, ਕਿ ਸਿਧੇ ਖਿਲਨ ਮਰਗ ਦਾ ਸਵੱਰਗੀਯ ਦ੍ਰਿਸ਼ ਵੇਖ ਕੇ ਹੀ ਦਮ ਲਵਾਂਗੇ। ਉਸ ਸਮੇਂ ਬਰਫ਼-ਬਾਰੀ ਵਧੇਰੇ ਜ਼ੋਰ ਪਕੜ ਗਈ, ਤੇ ਅਸੀਂ ਖਿਲਨ ਮਰਗ ਦੇ ਦ੍ਰਿਸ਼ ਨੂੰ ਆਪਣੀਆਂ ਅਖਾਂ ਵਿਚ ਸਮੋ ਕੇ ਵਾਪਸ ਪਰਤ ਆਏ। ਰਸਤੇ ਵਿਚ ਵੀ ਬਰਫ ਤੇ ਬਾਰਿਸ਼ ਨੇ ਸਾਡਾ ਪਿਛਾ ਨਾ ਛੱਡਿਆ। ਅਖੀਰ ਜਦੋਂ ਅਸੀਂ ਗੁਲਮਰਗ ਵਾਪਸ ਪਰਤੇ ਤਾਂ ਸਾਡੀ ਇਹ ਹਾਲਤ ਸੀ, ਕਿ ਅਸੀਂ ਦੋਵੇਂ ਪਾਂਧੀ ਆਪਣੇ ਆਪ ਘੋੜਿਆਂ ਤੋਂ ਹੀ ਨਹੀਂ ਸਾਂ ਉਤਰ ਸਕਦੇ। ਘੋੜਿਆਂ ਵਾਲੇ ਕਸ਼ਮੀਰੀ ਨੇ ਸਾਨੂੰ ਦੋਹਾਂ ਨੂੰ ਬੜੀ ਮੁਸ਼ਕਿਲ ਨਾਲ ਘੋੜਿਆਂ ਤੋਂ ਖਿਚ-ਧੂਹ ਕੇ ਹੇਠਾਂ ਉਤਾਰਿਆ। ਇਸ ਪਿਛੋਂ ਕਿਨਾਂ ਚਿਰ ਅਸੀਂ ਧਰਤੀ ਤੇ ਪੈਰ ਰਖਕੇ ਖੜੇ ਨਾ ਹੋ ਸਕੇ।

ਤੇ ਇਹ ਸੀ ਜਗਜੀਤ ਜੀ ਨਾਲ ਸਾਡੀ ਪਹਿਲੀ ਮੁਲਾਕਾਤ। ਇਸ ਤੋਂ ਦੋ ਕੁ ਸਾਲ ਮਗਰੋਂ ਜਗਜੀਤ ਜੀ ਨੇ ਸਤਗੁਰਾਂ ਦੀਆਂ ਅਸੀਸਾਂ ਤੇ ਗੁਰਭਾਈਆਂ ਦੇ ਸਹਿਯੋਗ ਨਾਲ ਸਾਡੇ ਵਾਂਗ ਸਾਹਿਤਕ ਝੱਸ ਗਲੇ ਪਾ ਲਿਆ। ਉਹਨਾਂ ਦੇ ਗੁਰ ਭਾਈਆਂ ਨੇ ਪੂਰੀ ਤਰ੍ਹਾਂ ਉਹਨਾਂ ਦਾ ਸਾਥ ਦਿਤਾ। ਇਕਦਮ ਗਾਹਕਾਂ ਦੀ ਗਿਣਤੀ ਹਜ਼ਾਰਾਂ ਤੀਕ ਜਾ ਪਹੁੰਚੀ। ਆਪਣੇ ਪ੍ਰੇਮੀਆਂ ਵਲੋਂ "ਵਿਸ਼ਰਾਮ" ਲਈ ਬਹੁਤ ਸਾਰੇ ਇਸ਼ਤਿਹਾਰ ਵੀ ਪ੍ਰਾਪਤ ਹੋਣ ਲਗ ਪਏ। ਹੁਣ ਸਾਨੂੰ ਯਕੀਨ ਹੋ ਗਿਆ, ਕਿ "ਵਿਸ਼ਰਾਮ" ਪਕੇ ਪੈਰਾਂ ਤੇ ਖੜੋ ਗਿਆ ਹੈ, ਤੇ ਆਰਥਕ ਪਖੋਂ ਵੀ ਖਾਸਾ ਮਜ਼ਬੂਤ ਹੋ ਗਿਆ ਹੈ।

ਇਧਰ ਅਸੀਂ ਦਮ ਦੇ ਦਮ, ਧੋਖਾ ਨ ਗ਼ਮ। ਇਕਲੀ ਜ਼ਿੰਦਗੀ ਤੇ ਦੁਖ ਹਜ਼ਾਰਾਂ। ਆਰਥਿਕ ਔਕੜਾਂ ਨੇ ਕਚੂਮਰ ਕੱਢ ਕੇ ਰਖ ਦਿਤਾ। ਪੰਜਾਬੀ ਪਿਆਰਿਆਂ, ਦੋਸਤਾਂ ਮਿਤਰਾਂ ਨੇ ਜਥਾ ਸ਼ਕਤ ਸਹਾਇਤਾ ਵੀ ਕੀਤੀ ਪਰ ਦਿਨ-ਬ-ਦਿਨ ਹਾਲਤ ਵਿਗੜਦੀ ਹੀ ਗਈ।

ਪਿਛਲੇ ਸਾਲ ਜਦ ਮੈਂ ਸਿੰਘਾਪੁਰ ਗਿਆ ਤਾਂ ਉਥੇ ਆਪਣੇ ਮਿਤਰ ਦੀਵਾਨ ਸਿੰਘ ਰੰਧਾਵਾ ਨਾਲ ਉਹਨਾਂ ਦੇ ਹਫਤੇ ਵਾਰ "ਨਵਜੀਵਨ" ਬਾਰੇ ਗਲਾਂ ਸ਼ੁਰੂ ਹੋ ਗਈਆਂ। ਉਹ ਵੀ ਸਾਡੇ ਵਾਂਗ ਆਰਥਿਕ ਪਖੋਂ ਬੜੇ ਪ੍ਰੇਸ਼ਾਨ ਸਨ, ਆਪੋ ਵਿਚ ਦੁਖ ਸੁਖ ਦੀਆਂ ਗਲਾਂ ਚਲਦੀਆਂ ਰਹੀਆਂ। ਪੰਜਾਬੀ ਪਤਰਕਾਵਾਂ ਨੂੰ ਬੰਦ ਕਰਨ ਬਾਰੇ ਵਿਚਾਰ ਵਟਾਂਦਰਾ ਵੀ ਹੋਇਆ, ਤਾਂ ਹਸ ਕੇ ਰੰਧਾਵਾ ਜੀ ਬੋਲੇ, "ਦਾਤਾ ਜੀ! ਇਕ ਵਾਰ ਮੈਂ ਆਪਣੇ ਪਰਚੇ ਦੀ ਕਮਜ਼ੋਰ ਆਰਥਿਕ ਹਾਲਤ ਬਾਰੇ ਗਿਆਨੀ ਇੰਦਰ ਸਿੰਘ 'ਗਿਲ' ਕੁਆਲਾਲੰਪੁਰ ਵਾਲਿਆਂ ਨਾਲ ਗਲ ਕਰ ਰਿਹਾ ਸਾਂ, ਤਾਂ ਉਹ ਬੋਲੇ, "ਬਈ

Sri Satguru Jagjit Singh Ji Elibrary NamdhariElibrary@gmail.com

ਦੀਵਾਨ ਸਿਆਂ ! ਇਕਲਿਆਂ ਤੇਥੋਂ ਕੰਮ ਸੰਭਾਲਿਆ ਨਹੀਂ ਜਾਂਦਾ, ਤੂੰ ਮਦਦ ਲਈ ਆਪਣੇ ਭਰਾ ਨੂੰ ਦਿਲੀਉਂ ਕਿਉਂ ਨਹੀਂ ਬੁਲਾ ਲੈਂਦਾ ?"

ਮੈਂ ਹੈਰਾਨ ਹੋ ਕਿਹਾ, "ਮੇਰਾ ਭਰਾ ਤਾਂ ਦਿਲੀ ਨਹੀਂ ਰਹਿੰਦਾ, ਉਹ ਤਾਂ ਏਥੇ ਹੀ ਹੈ।"

ਅਗੋਂ ਗਿਲ ਜੀ ਬੋਲੇ, "ਬਈ ਤੂੰ ਸਮਝਿਆ ਨਹੀਂ। ਮੇਰਾ ਮਤਲਬ ਹੈ, "ਦਾਤਾ ਜੀ" ਨੂੰ ਦਿਲੀਉਂ ਬੁਲਾ ਲੈ। ਉਸਦੇ ਪਰਚੇ ਦੀ ਆਰਥਿਕ ਹਾਲਤ ਵੀ ਤੇਰੇ ਵਾਂਗ ਡਾਂਵਾਂ-ਡੋਲ ਰਹਿੰਦੀ ਹੈ। ਸੋ ਉਸ ਨੂੰ ਆਪਣੇ ਪਾਸ ਬੁਲਾ ਲੈ—

ਫਿਰ "ਖੂਬ ਗੁਜ਼ਰੇਗੀ ਜਬ ਮਿਲ ਬੈਠੇਂਗੇ ਦੀਵਾਨੇ ਦੋ।"

ਦੀਵਾਨ ਸਿੰਘ ਹੋਰਾਂ ਹੱਸ ਕੇ ਇਹ ਗਲ ਸੁਣਾਈ ਤੇ ਨਾਲ ਹੀ ਕਿਹਾ, "ਹੁਣ ਮੈਂ ਪਰਚੇ ਨੂੰ ਇਕਦਮ ਬੰਦ ਕਰ ਦੇਣਾ ਚਾਹੁੰਦਾ ਹਾਂ।"

ਮੈਂ ਉਹਨਾਂ ਦੀ ਮੇਜ਼ ਤੇ ਜ਼ੋਰ ਦੀ ਹੱਥ ਮਾਰਿਆ। ਮੇਜ਼ ਤੇ ਪਈ ਬਰੀਕ ਪਿਨ ਮੇਰੇ ਹਥ ਵਿਚ ਚੁਭ ਗਈ। ਹੱਥ ਲਹੂ ਲੁਹਾਨ ਹੋ ਗਿਆ, ਪਰ ਮੈਂ ਇਸਦੀ ਕਖ ਪ੍ਰਵਾਹ ਨਾ ਕੀਤੀ ਤੇ ਗਰਜਵੀਂ ਆਵਾਜ਼ ਵਿਚ ਕਿਹਾ, "ਵੀਰ-ਇੰਝ ਚੁਪਚੁਪੀਤੇ ਪਰਚਾ ਬੰਦ ਨਹੀਂ ਕਰ ਦੇਣਾ ਚਾਹੀਦਾ। ਮੈਂ ਤਾਂ ਜਦੋਂ ਵੀ ਆਪਣੇ ਪਰਚੇ ਨੂੰ ਬੰਦ ਕਰਾਂਗਾ, ਬੜੀ ਸ਼ਾਨ ਤੇ ਧੂਮ ਧੱੜਕੇ ਨਾਲ ਉਸ ਦਾ ਇਕ ਵਿਸ਼ੇਸ਼ "ਦਾਹ ਸੰਸਕਾਰ ਅੰਕ" ਛਾਪਾਂਗਾ, ਤੇ ਫਿਰ ਇਸ ਅੰਕ ਦੀ ਇਕ ਨਿਹਾਇਤ ਖੂਬਸੂਰਤ ਜਿਲਦ ਕਿਸੇ ਮਹਾਨ ਨੇਤਾ ਹਥੋਂ ਵਿਮੋਚਨ ਕਰਾਕੇ ਕਈ ਗਜ਼ ਡੂੰਘੀ ਕਬਰ ਖੋਦ ਕੇ ਉਸ ਵਿਚ ਇਸ ਨੂੰ ਦਬ ਦਿਆਂਗਾ। ਇਸ ਮਗਰੋਂ ਪਿੰਡ-ਪਿੰਡ ਸ਼ਹਿਰ-ਸ਼ਹਿਰ ਹਰ ਵਸਤੀ ਤੇ ਜੰਗਲ ਬੇਲੇ ਰਾਂਝੇ ਵਾਲੀ ਵੰਝਲੀ ਲੈ ਕੇ ਇਹ ਢਿੰਡੋਰਾ ਪਿਟਾਂਗਾ ਕਿ "ਕੋਈ ਸ਼ਰੀਫ ਆਦਮੀ ਮੁੜ ਇਹ ਕਾਰਜ ਨ ਕਰੇ।"

ਮੇਰੀ ਇਨੀ ਕੀਮਤੀ ਤੇ ਭਾਵਪੂਰਤ ਤਜਵੀਜ਼ ਸੁਣ ਕੇ ਮੇਰਾ ਮਿਤਰ ਨੱਚ ਉਠਿਆ।

ਪਰ ਅਜ ਮੈਂ ਹੈਰਾਨ ਸਾਂ, ਕਿ ਮੈਂ ਤਾਂ ਹਾਲੀਂ ਕੁਝ ਵੀ ਨਹੀਂ ਸਾਂ ਕਰ ਸਕਿਆ ਤੇ ਉਧਰ ਵਿਸ਼ਰਾਮ ਨੇ ਬੰਦ ਦਾ ਐਲਾਨ ਕਰ ਦਿਤਾ ਹੈ। ਪਰ ਜਦ ਅਗਲੀਆਂ ਸਤਰਾਂ ਪੜ੍ਹੀਆਂ, ਤਾਂ ਪਤਾ ਲਗਾ ਕਿ ਉਸ ਨੇ ਆਪਣਾ ਪਰਚਾ ਛਾਪਣਾ ਬੰਦ ਨਹੀਂ ਕੀਤਾ, ਸਗੋਂ ਉਹਨਾਂ ਮੁਫਤ ਖੋਰਿਆਂ ਦੇ ਨਾਂ ਪਰਚਾ ਭੇਜਣਾ ਬੰਦ ਕਰ ਦਿਤਾ ਹੈ, ਜਿਹਨਾਂ ਦਾ ਸਹਿਯੋਗ ਹਰ ਪੰਜਾਬੀ ਪਤਰ ਨੂੰ ਹਰ ਸਮੇਂ ਮਿਲਦਾ ਰਹਿੰਦਾ ਹੈ।

ਇਹ ਸਤਰਾਂ ਪੜ੍ਹਕੇ ਮੈਂ ਬੜਾ ਹੈਰਾਨ ਹੋਇਆ, ਤੇ ਸੋਚਣ ਲਗ ਪਿਆ ਕਿ ਕਈ ਵਾਰ ਵਡੇ ਤੋਂ ਵਡੇ ਪੰਜਾਬੀ ਸੰਪਾਦਕ ਨੂੰ ਵੀ ਇਨਾ ਵਡਾ ਮੁਗ਼ਾਲਤਾ ਲਗ ਜਾਂਦਾ ਹੈ। ਤੇ ਉਹ ਸਮਝਣ ਲਗ ਪੈਂਦਾ ਹੈ, ਕਿ ਫਰੀ ਪਰਚਾ ਭੇਜਣ ਵਾਲਿਆਂ ਦਾ ਨਾਂ ਪਤਾ (ਪਿੱਤਾ ਨਹੀਂ) ਕਟਣ ਸਾਰ ਸਾਡਾ ਪਰਚਾ ਆਰਥਿਕ ਪਖੋਂ ਬੜਾ ਮਜ਼ਬੂਤ ਹੋ ਜਾਏਗਾ। ਪਰ ਜੇ ਉਹ ਕਿਸੇ ਮੇਰੇ ਵਰਗੇ ਸਿਆਣੇ ਬਿਆਣੇ ਅਕਲ ਦੇ ਧਨੀ ਤੇ ਤਜਰਬੇਕਾਰ ਬੰਦੇ ਦੀ ਸਲਾਹ ਲੈ ਲੈਂਦੇ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਹੀ ਉਚਤਮ ਪਤਰਕਾਰੀ ਵਿਚ ਖਿਤਾ ਦਿਤੀ ਹੈ, ਤਾਂ ਉਹ ਅਜੇਹਾ ਗਲਤ ਫੈਸਲਾ ਕਦੀ ਨ ਕਰਦੇ।

ਸਾਡਾ ਪੱਕਾ ਵਿਸ਼ਵਾਸ ਹੈ, ਕਿ ਪੰਜਾਬੀ ਦੇ ਹਰ ਪਤਰ ਨੂੰ ਪੱਕਿਆਂ ਪੈਰਾਂ ਤੇ ਖੜੇ ਕਰਨ ਵਾਲੇ ਉਹੀ ਲੇਖਕ ਤੇ ਕਵੀ ਲੋਗ ਹਨ, ਜਿਨ੍ਹਾਂ ਨੂੰ ਪਰਚਾ ਭੇਟਾ ਵਜੋਂ ਫਰੀ ਘਲਿਆ ਜਾਂਦਾ ਹੈ। ਭਲਾ ਸੋਚੋ ਖਾਂ, ਕਿ ਜੇ ਏਜੰਸੀਆਂ ਵਾਲੇ ਪਰਚਾ ਵੇਚ ਕੇ ਦਫ਼ਤਰ ਵਿਚ ਪੈਸੇ ਘਲਣ ਦੀ ਬਜਾਏ ਆਪ ਹੱੜਪ ਕਰ ਜਾਣ, ਤੇ ਪੰਜਾਬੀ ਪਿਆਰੇ ਇਸ ਦੇ ਗਾਹਕ ਬਣਕੇ ਚੰਦਾ ਘਲਣ ਲਈ ਤਿਆਰ ਨ ਹੋਣ, ਤਾਂ ਇਹ "ਪਤਰ" ਕੇਵਲ ਆਪਣੀ ਕੰਪਲੀ-ਮੈਂਟਰੀ ਲਿਸਟ ਦੇ ਸਹਾਰੇ ਹੀ ਜੀਉਂਦਾ ਰਹਿ ਸਕਦਾ ਹੈ ਨਾ।

ਸੋ ਪਿਆਰੇ ਵਿਸ਼ਰਾਮ ! ਸਾਡੀ ਇਹ ਪੱਕੀ ਰਾਏ ਹੈ, ਕਿ ਪੰਜਾਬੀ ਸਾਹਿਤਕਾਰਾਂ, ਕਵੀਆਂ, ਗੀਤਕਾਰਾਂ ਤੇ ਸੰਗੀਤ-ਕਾਰਾਂ ਆਦ ਨੂੰ ਫਰੀ ਪਰਚਾ ਭੇਜਣਾ ਜਾਰੀ ਰਹਿਣਾ ਚਾਹੀਦਾ ਹੈ। ਉਹਨਾਂ ਦੀਆਂ ਘਲੀਆਂ ਅਸੀਸਾਂ ਤੇ ਸ਼ੁਭ ਕਾਮਨਾਵਾਂ, ਆਸਰੇ ਹੀ ਅਸੀਂ ਨੰਗ ਧੜੰਗ ਭੁਖ ਨੰਗ ਦੇ ਮੈਦਾਨ ਵਿਚ ਡਟੇ ਰਹਿ ਸਕਦੇ ਹਾਂ। ਇਹੀ ਸਚਾ ਦੇਸ਼ ਪਿਆਰ ਹੈ, ਮਹਾਨ ਦੇਸ਼ ਭਗਤੀ ਹੈ, ਤੇ ਅਸਲੀ ਅਰਥਾਂ ਵਿਚ ਮਾਂ ਬੋਲੀ ਦੀ ਸੇਵਾ ਹੈ। ਕਿਧਰੇ ਗਲਤੀ ਨਾਲ ਪੰਜਾਬੀ ਪਿਆਰਿਆਂ ਨੂੰ ਫਰੀ ਪਰਚਾ ਘਲਣਾ ਬੰਦ ਕਰਕੇ ਪੰਜਾਬੀ ਮਾਂ ਦੀ ਕ੍ਰੋਪੀ ਦਾ ਸ਼ਿਕਾਰ ਨਾ ਹੋ ਜਾਣਾ, ਮੇਰੀ ਜਾਨ ! ✕

Sri Satguru Jagjit Singh Ji Elibrary NamdhariElibrary@gmail.com

ਮੁਸਕਾਣਾਂ ਦੀ ਰਹਿਮਤ ਬਖਸ਼ਕੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਹਨ ਆਪ ਜੀ ਦੇ ਛੋਟੇ ਵੀਰ ਮਹਾਰਾਜ ਬੀਰ ਸਿੰਘ ਜੀ ਅਤੇ ਹੋਰ ਸੰਗਤ

ਸਿਲਸਿਲੇਵਾਰ

ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ
ਅਪਰੈਲ ੧੯੯੪ ਅੰਕ ਵੇਖੋ)

'ਬੀਤੇ ਦੀਆਂ ਪੈੜਾਂ' ਦੇ ਸਿਲਸਿਲੇਵਾਰ ਲੇਖ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਨਿਤ ਕਰਮ ਦੇ ਆਲੇ ਦੁਆਲੇ ਰਚੇ ਜਾਂਦੇ ਹਨ। ਇਸ ਲੇਖ ਲੜੀ ਦੇ ਲੇਖਕ ਸ: ਪ੍ਰੀਤਮ ਸਿੰਘ ਕਵੀ ਜੀ ਦਾ ਮੁਖ ਤੌਰ ਤੇ ਜਤਨ ਹੁੰਦਾ ਹੈ ਕਿ ਲੱਖਾਂ ਲੋਕਾਂ ਦੇ ਧਾਰਮਕ ਗੁਰਦੇਵ ਜੀ ਦੇ ਰੋਜ਼ਮਰਾ ਦੇ ਜੀਵਨ ਨਾਲ ਸਬੰਧਤ ਛੋਟੀਆਂ ਵਡੀਆਂ ਘਟਨਾਵਾਂ, ਮੁਲਾਕਾਤਾਂ, ਗਲਾਂਬਾਤਾਂ ਅਤੇ ਚੌਗਿਰਦੇ ਨੂੰ ਚਿਤਰਨਾ। ਇਹ ਸਤਿਗੁਰੂ ਜੀ ਦੇ ਜੀਵਨ ਜਾਂ ਫਲਸਫੇ ਦਾ ਮੁਕੰਮਲ ਚਿਤਰਨ ਨਹੀਂ ਹੈ ਸਗੋਂ ਲੇਖਕ ਦੇ ਆਲੇ ਦੁਆਲੇ 'ਚੋਂ ਅਪਣੀ ਨਿਜੀ ਦ੍ਰਿਸ਼ਟੀ ਦਵਾਰਾ ਪ੍ਰਾਪਤ ਅਨੁਭਵ ਦਾ ਚਿਤਰਨ ਹੈ। ਕਈ ਸਮਿਆਂ ਤੇ ਜਦੋਂ ਲੇਖਕ ਸਤਿਗੁਰੂ ਜੀ ਤੋਂ ਸਰੀਰ ਕਰ ਕੇ ਦੂਰ ਹੁੰਦਾ ਹੈ ਤਾਂ ਉਸ ਨੂੰ ਆਲੇ ਦੁਆਲੇ ਦੇ ਲੋਕ ਜੀਵਨ ਨੂੰ ਘੋਖਣ ਅਤੇ ਪ੍ਰਾਕਿਰਤੀ ਵਰਨਣ ਦਾ ਅਵਸਰ ਵੀ ਮਿਲਦਾ ਹੈ। ਹਿਮਾਚਲ ਦੇ ਪਹਾੜਾਂ ਵਿਚ ਭੂੰਤਰ (ਕੁਲੂ) ਕਵੀ ਜੀ ਦਾ ਗਰਮੀਆਂ ਵਿਚ ਕਰਮ ਖੇਤਰ ਹੁੰਦਾ ਹੈ। ਪਿਛਲੇ ਅੰਕ ਵਿਚ ਸਤਿਗੁਰ ਬਾਝੋਂ ਭਾਂ ਭਾਂ ਕਰਦੇ ਭੂੰਤਰ ਦਾ ਵਰਨਣ ਸੀ। ਇਸ ਵਾਰ ਵੀ ਉਸੇ ਪਰਸੰਗ ਨੂੰ ਅਗੇ ਤੋਰ ਰਹੇ ਹਾਂ। ਇਕਸਾਰਤਾ ਨੂੰ ਕਾਇਮ ਰਖਣ ਵਾਸਤੇ ਪਿਛਲੀ ਕਿਸ਼ਤ ਦੀਆਂ ਕੁਝ ਆਖਰੀ ਸਤਰਾਂ ਮੁੜ ਪ੍ਰਕਾਸ਼ਤ ਕਰ ਰਹੇ ਹਾਂ।

—ਸੰਪਾਦਕ

Sri Satguru Jagjit Singh Ji Elibrary NamdhariElibrary@gmail.com

੧੯ ਮਈ ਤੋਂ ੩੦ ਮਈ ੧੯੭੮
ਭੂੰਤਰ (ਕੁਲੂ)

ਮੈਂ ਸਵੇਰੇ ੭ ਤੋਂ ੧੨ ਤਕ ਲਿਖਦਾ ਪੜ੍ਹਦਾ ਹਾਂ, ਸ਼ਾਮੀਂ ੬ ਤੋਂ ਰਾਤ ਦੇ ੧੧ ਵਜ ਜਾਂਦੇ ਹਨ। ੧੨ ਤੋਂ ੬ ਵਜੇ ਤਕ ਦਾ ਸਮਾਂ ਖਾਣ ਪੀਣ ਤੇ ਸੈਰ ਸਪਾਟੇ ਵਿਚ ਨਿਕਲਦਾ ਹੈ।

੧੯.੫.੭੮ ਨੂੰ ਮੈਂ ਪਿੰਡ ਖੋਖਨ ਗਿਆ। ਇਹ ਪਿੰਡ ਭੂੰਤਰੋਂ ਲਹਿੰਦੇ ਵਲ ਪਹਾੜ ਦੀ ਢਾਕ ਤੇ ਹੈ। ਇਹ ਮੈਨੂੰ ਬੜੇ ਚਿਰ ਦਾ ਰੜਕਦਾ ਪਿਆ ਸੀ। ਰੋਜ਼ ਹਮਰਾਹੀ ਦੇ ਘਰੋਂ ਇਸਦੀਆਂ ਬੱਤੀਆਂ ਜਲਦੀਆਂ ਵੇਖਦਾ ਸਾਂ। ਅੱਜ ਏਥੇ ਪਹੁੰਚਣ ਦਾ ਫੈਸਲਾ ਕਰ ਲਿਆ। ਪੱਕੀ ਸੜਕ ਤੋਂ ਪਿੰਡ ਸ਼ਮਨੀ ਤੋਂ ਉਪਰ ਵਲ ਨੂੰ ਜਾਂਦੀ ਹੈ ਉਸ ਤੇ ੧.੫੦ ਕਿਲੋ-ਮੀਟਰ ਚਲਕੇ, ਸੜਕ ਛਡ ਦਿਤੀ। ਕੋਲ ਦਿਸਦੀ ਪਹਿਲੀ ਖਨੇੜੀ ਤੇ ਸਿਧਿਆਂ ਚੜ੍ਹਨਾ ਸ਼ੁਰੂ ਕਰ ਦਿਤਾ। ਉਂਜ ਸੜਕ ਦੇ ਨਾਲ ਹੀ ਏਸੇ ਖਨੇੜੀ ਤੇ ਚੜ੍ਹਨ ਲਈ ਗੁਜ਼ਾਰੇ ਯੋਗ ਪੌੜੀਆਂ ਵੀ ਸਨ, ਪਰ ਮੈਨੂੰ ਅਜਮਾਇਸ਼ ਵਿਚ ਪੈਣ ਦਾ ਮਜ਼ਾ ਆ ਰਿਹਾ ਸੀ।

ਪਹਾੜੀ ਜੀਵਨ

ਖਨੇੜੀ ਦੀ ਚੜ੍ਹਾਈ ਮੈਂ ਔਖੇ ਸੌਖੇ ਹੋ ਚੜ੍ਹ ਲਈ। ਇਸ ਦੇ ਚੜ੍ਹਾਈ ਵਾਲੇ ਖੇਤਰ ਵਿਚ ਸਰਕਾਰੀ ਤੌਰ ਤੇ ਚੀਲ੍ਹਾਂ ਦੇ ਬੂਟੇ ਲਗਾਏ ਗਏ ਸਨ, ਜਾਪਦਾ ਸੀ ਇਹ ਏਸੇ ਸਾਲ ਹੀ ਲਗੇ ਹਨ। ਖਨੇੜੀ ਦਾ ਮਤਲਬ ਇਕ ਪਠਾਰ ਹੀ ਹੈ। ਏਥੇ ਏਨੇ ਖੁਲ੍ਹੇ ਖੇਤ ਮਿਲਦੇ ਨਹੀਂ। ਖੇਤ ਕਣਕ ਦੇ ਸਨ। ਕਣਕ ਪੱਕੀ ਹੋਈ ਸੀ। ਇਕ ਖੇਤ ਵਿਚ ਕਣਕ ਦੀ 'ਵਾਢੀ' ਪਈ ਹੋਈ ਸੀ। ਇਕ ਲੜਕੀ ਵੱਢ ਰਹੀ ਸੀ। ਦੂਜੀਆਂ ਦੋ ਕਿਤੇ ਦੂਰ ਬੈਠੀਆਂ ਹੋਈਆਂ ਸਨ।

ਅਗੇ ਅਤੇ ਉਪਰ ਵਲ ਨੂੰ ਚੜ੍ਹਦਿਆਂ, ਇਕ ਦਰਮਿਆਨੀ ਉਮਰ ਦਾ, ਪਰ ਬੁਢਿਆਂ ਵਰਗਾ, ਬੰਦਾ ਨਜ਼ਰੀਂ ਪਿਆ। ਇਹ ਤਿੱਖੜ ਦੁਪਹਿਰੀਂ ਕਰੀਬ ੨੦ ਕਿਲੋ ਕਣਕ ਦਾ ਲਾਂਗਾ, ਪਿੱਠ ਪਿਛੇ ਲੱਕ ਨਾਲ ਅੜਾਈ, ਲੱਕੜ ਤੇ ਉਠਾਈ, ਆ ਰਿਹਾ ਸੀ। ਗਰੀਬੜਾ ਜਿਹਾ ਕਿਸਾਨ ਦਇਆ ਦਾ ਪਾਤਰ ਹੀ ਸੀ। ਇਸ ਦੇ ਅੱਗੇ ਏਸੇ ਦੇ ੩-੪ ਮਰੀਅਲ ਜਿਹੇ ਪਰ ਛੋਟੇ ਕੱਦ ਦੇ ਗੋਕੇ ਪਸ਼ੂ ਲੱਤਾਂ ਘੜੀਸੀ ਅਗਾਂਹ ਵੱਲ ਨੂੰ ਵਧ ਰਹੇ ਸਨ।

ਥੋੜ੍ਹੀ ਦੂਰ ਗਿਆ ਇਕ ਰੁੱਖ ਦੇ ਮੁੱਢ ਨਾਲ ੩-੪ ਸਾਲ ਦਾ ਸ਼ੀਘਾ ਰਿਹਾ ਮੁੰਡਾ ਬੈਠਾ ਹੋਇਆ ਆਲੇ ਦੁਆਲੇ ਡੌਰ ਭੌਰੀਆਂ ਨਜ਼ਰਾਂ ਸੁਟਦਾ ਵੇਖ ਰਿਹਾ ਸੀ। ਪਤਾ ਨਹੀਂ ਉਹ ਕੁਝ ਸੋਚਣ ਯੋਗ ਵੀ ਹੋਵੇ ਜਾਂ ਨਾ।

ਥੋੜ੍ਹਾ ਹੋਰ ਅਗੇ ਵਧਿਆ ਇਕ ਬੱਚਾ ਮਿਲਿਆ ਜੋ ਕਰੀਬ ੧੦ ਕਿਲੋ ਕਣਕ ਦੇ ਪੱਠੇ (ਨਾੜ ਅਤੇ ਸਿੱਟੇ ਮਿਲਵੇਂ) ਪਹਿਲੇ ਮਿਲੇ ਕਿਸਾਨ ਵਾਂਗ ਪਿੱਠ ਪਿਛੇ ਇਕ ਫੱਟੀ ਤੇ ਟਿਕਾਈ, ਲਈ ਆ ਰਿਹਾ ਸੀ। ਪੁਛਿਆ: ਅਤੇ ਉਮਰ? ਕਹਿਣ ਲਗਾ: ੪ ਸਾਲ। ਪਰ ਉਹਨੂੰ ਜ਼ਰੂਰ ਆਪਣੀ ਆਯੂ ਦਾ ਪਤਾ ਨਹੀਂ ਸੀ।

ਥੱਕ ਤਾਂ ਗਿਆ ਸਾਂ ਪਰ ਹੇਠਲੇ ਖੋਖਣ (ਪਿੰਡ ਦਾ ਨਾਂ) ਤਕ ਪਹੁੰਚ ਹੀ ਗਿਆ ਤ੍ਰੇਹ ਕਾਫ਼ੀ ਲਗੀ ਹੋਈ ਸੀ। ਘਰੋਂ ਕੇਵਲ ਰੋਟੀ ਖਾ ਕੇ ਤੁਰਿਆ ਸਾਂ, ਪਾਣੀ ਨਹੀਂ ਸੀ ਪੀਤਾ। ਤੇਜ਼ ਧੁਪ ਅਤੇ ਚੜ੍ਹਾਈ ਦੇ ਸਫ਼ਰ ਕਾਰਨ ਵੀ ਪੇਟ ਦੀਆਂ ਆਂਦਰਾ ਪਾਣੀ ਪੁਕਾਰ ਰਹੀਆਂ ਸਨ।

ਪਾਣੀ ਦਾ ਤਿਹਾਇਆ ਇਕ ਘਰ ਜਾ ਵੜਿਆ। ਨਿੱਕਾ ਜਿਹਾ ਵਿਹੜਾ। ਸਿਲਾਂ ਨਾਲ ਪੱਕਾ ਕੀਤਾ ਹੋਇਆ। ਇਥੇ ਹੀ ਕਣਕ ਦਾ 'ਖਲਵਾੜਾ' ਲਗਣਾ ਸੀ। ਦੋ ਛੱਤਾ ਲਕੜ ਤੇ ਮਿੱਟੀ ਦਾ ਮਕਾਨ। ਸੁਆਮੀ ਵਰਾਂਡੀ ਜਿਹੀ ਵਿਚ ਲੱਤਾਂ ਪਸਾਰੀ ਪਿਆ ਸੀ। ਸੁਆਮਿਨ ਨੇ ਮੇਰੀ ਆਵਾਜ਼ ਸੁਣੀ। ਸਮਝਕੇ, ਪਾਣੀ ਲਿਆਂਦਾ। ਤ੍ਰਿਖਾਂ ਬੁਝੀ ਤਾਂ ਪੁਛਿਆ। ਕਿੰਨੀ ਕੁ ਭੁਇੰ ਹੈ? ਜੁਆਬ ਇਕ ਮੁਸਕਾਨ ਵਿਚ ਮਿਲਿਆ। ਧਨਵਾਦ।

ਉਪਰਲੇ ਘਰਾਂ ਵਿਚੋਂ ਲੰਘ ਕੇ ਹੋਰ ਚੜ੍ਹਾਈ ਚੜ੍ਹੀ ਇਕ ਜੋੜਾ ਆਪਣੇ ਮਕਾਨ ਵਿਚ ਨਜ਼ਰ ਪਿਆ। ਜੁਆਨ ਸਨ। ਮੁੰਡੇ ਨੂੰ ਪੁਛਿਆ: ਇਸ ਮਕਾਨ ਤੇ ਕਿੰਨਾ ਕੁ ਖਰਚ ਆਇਆ!

"ਨੌਂ ਹਜ਼ਾਰ!"
"ਕਿੰਨੇ ਕਮਰੇ?"
"ਇਕੋ ਹੀ!"

ਭਾਵੇਂ ਉਸ ਇੱਕੋ ਆਖਿਆ, ਇਹ ਇਹਨਾਂ ਦੇ ਵੱਸਣ ਲਈ ਸੀ। ਦੂਸਰਾ ਇਸ ਦੇ ਹੇਠਾਂ ਸੀ ਜਿਸ ਵਿਚ ਪਸ਼ੂ ਬਝਦੇ ਸਨ। ਮਕਾਨ ਅਜੇ ਤਾਜ਼ਾ ਬਣਿਆ ਲਗਦਾ ਸੀ।

ਥੋੜਾ ਹੋਰ ਉੱਚਾ ਚੜ੍ਹਨ ਤੇ ਇਕ ਪੁਰਾਣੇ ਮਕਾਨ ਨੇ

Sri Satguru Jagjit Singh Ji Elibrary NamdhariElibrary@gmail.com

ਮੇਰੀ ਨਜ਼ਰ ਖਿੱਚ ਲਈ। ਉਸ ਦੇ ਮੋਟੇ ਹੰਢਣ ਸਾਰ ਬੂਹੇ ਬਾਰੀਆਂ। ਇਹਨਾਂ ਉਤੇ ਕੁਰੇਦਣ ਦਾ ਕੰਮ ਸੀ, ਵੇਲ, ਬੂਟੇ, ਮੂਰਤਾਂ, ਕੋਲ ਹੀ ਇਕ ਮਾੜਚੂ ਜਿਹੇ ਪਹਾੜੀਏ ਦਾ ਘਰ ਸੀ। ਘਰ ਵਾਲਾ ਮਹੀਨਿਆਂ ਦੇ ਮੈਲੇ ਕਪੜਿਆਂ ਵਿਚ ਡਟਿਆ ਹੋਇਆ ਹੁੱਕੀ ਗੁੜਗੁੜਾ ਰਿਹਾ ਸੀ। ਉਸਦੀ ਝੀਖੀ ਜਿਹੀ, ਏਦੂੰ ਵੀ ਵੱਧ ਮੈਲੇ ਕਪੜਿਆਂ ਵਿਚ ਅੜੀ ਹੋਈ ਤੀਵੀਂ ਮੇਰੀ ਆਮਦ ਤੇ ਹੈਰਾਨ ਸੀ।

"ਇਹ ਕੀਹਦਾ ਘਰ ਹੈ?" ਮੈਂ ਮਕਾਨ ਵਲ ਇਸ਼ਾਰਾ ਕੀਤਾ।

"ਇਹ 'ਆਦਿ ਬ੍ਰਹਮ' ਦਾ ਮੰਦਰ ਹੈ।"

"ਕਦੋਂ ਦਾ ਬਣਿਐ?"

"ਜਦੋਂ ਦਾ ਪਿੰਡ!"

"ਪਿੰਡ ਕਦੋਂ ਕੁ ਦਾ?"

"ਪਤਾ ਨਹੀਂ।"

ਹੋਰ ਉਚਾਈ ਤੇ ਚੜ੍ਹਿਆਂ ਦੋ ਬਜ਼ੁਰਗ ਦਿਸਦੇ ਬੰਦੇ ਹੁੱਕੀ ਪੀ ਰਹੇ ਸਨ। ਮੈਂ ਪੁਛਿਆ: ਜ਼ਮੀਨ ਕਿੰਨੀ ਕੁ ਜੇ?

"ਹੋਵੇਗੀ ੪੦-੫੦ ਵਿਘੇ!" (ਵਿਘਾ ਚਾਰ ਕਨਾਲ ਦਾ)

"ਕਣਕ ਪਰਵਾਰ ਜੋਗੀ ਆ ਜਾਂਦੀ ਹੈ?"

"ਕਿਥੇ ਜੀ, ਮਸਾਂ ਗੁਜ਼ਾਰਾ ਹੁੰਦੈ।"

"ਗੁਜ਼ਾਰਾ ਕਿਵੇਂ?"

"ਮੱਕੀ ਬੀਜ ਕੇ ਅਤੇ ਚੌਲ ਮੁੱਲ ਲੈਕੇ!"

"ਕੋਈ ਮਦਦ ਸਰਕਾਰ ਵੀ ਕਰਦੀ ਹੈ?"

"ਕਦੇ ਕਦਾਈਂ, ਜੇ ਕੋਈ ਵਧੇਰੇ ਹਾਲ ਪਾਹਰਿਆ ਕਰੇ!"

"ਸੁਖੀ ਹੋ?"

"ਹੋਰ ਕੀ ਆਖੀਏ, ਜਿਥੇ ਟੰਗੇ ਹਾਂ ਏਥੇ ਏਹੋ ਆਖਣਾ ਬਣਦਾ ਹੈ! ਪਰ ਜੇ ਸਾਡੇ ਏਥੇ; ਤੁਹਾਡੇ ਪੰਜਾਬ ਵਾਂਗ ਨਹਿਰਾਂ ਹੋਣ ਤਾਂ ਪਹਾੜੀਆਂ ਤੋਂ ਤਾਂ ਅਨਾਜ ਵਾਧੂ ਕਰ ਦੇਈਏ।"

ਖੋਖਣ

ਖੋਖਣ ਦਾ ਆਮ ਦ੍ਰਿਸ਼ ਹੈ। ਹੇਠੋਂ ਉਤਾਂਹ ਚੜ੍ਹਦੇ ਘਰ। ਮਿੱਟੀ ਪੱਥਰ ਦੀਆਂ ਕੰਧਾਂ, ਲੱਕੜ ਦੇ ਫ਼ਰਸ਼ ਤੇ ਛੱਤਾਂ ਢਾਲਵੀਆਂ ਤਿਕੋਨੀਆਂ ਸਲੇਟਦਾਰ ਮਕਾਨਾਂ ਦੀਆਂ ਸਿਖਰਾਂ, ਮਕਾਨਾਂ ਦੇ ਤਿੰਨ ਤਰਫ਼ੀਂ ਜਾਂ ਚੁਤਰਫੀਂ ਹੀ ੪-੫ ਫੁਟੀ ਗ਼ੈਲਰੀ। ਹੇਠਲਾ ਹਿਸਾ ਪਸ਼ੂਆਂ ਲਈ ਤੇ ਨੀਰੇ ਚਾਰੇ ਲਈ, ਉਪਰਲਾ ਭਾਗ ਰਿਹਾਇਸ਼ ਵਾਸਤੇ। ਗੈਲਰੀਆਂ ਦੇ ਥਮਲਿਆਂ ਨਾਲ ਰੱਸੀਆਂ ਉਤੇ ਗਰਮ ਕੋਟ, ਗਰਮ ਪਜਾਮੇ—ਸਭੇ ਟਾਕੀਆਂ ਲਗੇ, ਹੋਰ ਲੀੜਾ ਕਪੜਾ, ਰਜ਼ਾਈਆਂ ਤੁਲਾਈਆਂ ਤੱਕ ਵੀ। ਪਰਾਲੀ ਦੀਆਂ ਚਿਟਾਈਆਂ ਹੇਠ ਵਿਛਾਣ ਲਈ, ਜਿੰਨੇ ਜੀਅ ਓਨੀਆਂ ਚਟਾਈਆਂ। ਪਰਾਹੁਣਿਆਂ ਲਈ ਇਕ ਦੋ ਵੱਧ।

ਹਰ ਘਰ ਵਿਚ ਖੱਡੀ, ਉੱਨ ਦੀ ਲੁਹਾਈ, ਪਿੰਜਾਈ, ਕਤਾਈ ਤੇ ਉਣਾਈ। ਡੱਬੀਦਾਰ ਕੰਬਲ ਜਾਂ ਸਫੈਦ ਜਾਂ ਕਾਲੇ ਔਰਤਾਂ ਦੁਆਲੇ ਵਲੇਟੇ ਰੱਖਣ ਲਈ। ਹਾੜ ਸਿਆਲ ਦਾ ਇਹੋ ਹੀ ਗਹਿਣਾ। ਹਰ ਘਰ ਸ਼ਾਲਾਂ ਦੀ ਉਣਾਈ ਬਾਜ਼ਾਰ ਵੇਚਣ ਲਈ। ਤਕੜੇ ਜ਼ਿਮੀਦਾਰਾਂ ਪਾਸ ੫੦-੬੦ ਵਿਘੇ ਤਕ ਜ਼ਮੀਨ। ਛੋਟੇ ਕਿਸਾਨਾਂ ਪਾਸ ਮਸਾਂ ਦੋ, ਚਾਰ, ਛੇ ਵਿਘੇ। ਕਿਸੇ ਕਿਸੇ ਦੇ ਸੇਉ, ਪਲਮ, ਅਲੂਚੇ ਦੇ ਬੂਟੇ ਵੀ। ਘਰਾਂ ਵਿਚ ਸੁਖ ਸੁਵਿਧਾ ਲਈ ਕੋਈ ਵੀ ਚੀਜ਼ ਨਾਦਾਰਦ।

ਹੋਰ ਉਪਰ ਚੜ੍ਹ ਗਿਆ। ਇਕ ਖੱਡ ਦੇ ਉਪਰ ਵਾਰੋਂ ਲੰਘ ਇੱਛਤ ਨਿਸ਼ਾਨੇ; ਖੋਖਣ ਦੇ ਦੱਖਣ ਵਲ ਦੇ ਦੇਉਦਾਰ-ਜੰਗਲ ਵਿਚ ਪਹੁੰਚਣਾ ਸੀ। ਇਹ ਜੰਗਲ ਜਿਵੇਂ ਮੇਰੀ ਰਿਹਾਇਸ਼ ਤੋਂ ਰੋਜ਼ ਮੈਨੂੰ ਆਪਣੇ ਕੋਲ ਬੁਲਾਂਦਾ ਸੀ।

ਲੱਤਾਂ ਦੁਖਣ ਲਗ ਪਈਆਂ। ਪੈਰਾਂ ਦੀਆਂ ਉਂਗਲਾਂ ਨੂੰ ਖਾਸ ਮੁਸ਼ਕਲ ਸੀ। ਚੜ੍ਹਾਈ ਤੇ ਉਤਰਾਈ ਸਮੇਂ ਜੁਤੀ ਵਿਚ ਵੀ ਇਹਨਾਂ ਦੇ ਵਖ ਵਖ ਤੋਲ ਬਣਾ ਕੇ ਚਲਣਾ ਪੈਂਦਾ ਹੈ। ਹਿੰਮਤ ਨਹੀਂ ਹਾਰੀ ਤੇ ਪਹੁੰਚ ਗਿਆ, ਉਪਰ ਦੇਉਦਾਰ ਦੇ ਝੁੰਡਾਂ ਵਿਚਾਲੇ। ਸੋਹਣੀ ਠੰਡੀ ਥਾਂ। ਸ਼ੋਰ ਸ਼ਰਾਬੇ ਦਾ ਕੋਈ ਨਾ ਨਾਂ। ਹੋਰ ਦੂਰ ਪਰ੍ਹਾਂ ਭੇਡਾਂ ਦਾ ਇਕ ਇੱਜੜ ਵੀ ਆਰਾਮ ਫ਼ਰਮਾ ਰਿਹਾ ਸੀ।

ਪੰਜ ਮਿੰਟ ਇਕ ਪੱਧਰ ਉਤੇ ਬੈਠਣ ਉਪਰੰਤ, ਫਿਰ ਉਤਰਾਈ ਲਈ ਕਮਰ ਕੱਸ ਲਈ। ਕੰਡਿਆਲੀਆਂ ਝਾੜੀਆਂ, ਨਿਵਾਣ ਹੀ ਨਿਵਾਣ, ਕੋਈ ਰਾਹ ਡੰਡੀ ਨਹੀਂ। ਪਰ ਮੈਂ ਕੰਡਿਆਂ ਨੂੰ ਲਾਂਭੇ ਕਰਦਾ ਰਾਹ ਬਣਾਂਦਾ ਪਲੋਪਲ ਹਿਠਾਂਹ

Sri Satguru Jagjit Singh Ji Elibrary NamdhariElibrary@gmail.com

ਲਹਿ ਰਿਹਾ ਸਾਂ ।

ਹੁਣ ਮੈਂ ਦੱਖਣੀ ਖੋਖਣ ਵਿਚ ਸਾਂ । ਖੱਡ ਵਿਚ ਪਾਣੀ ਵਹਿ ਰਿਹਾ ਸੀ । ਪਿੰਡ ਦੇ ਸਾਰੇ ਲੋਗ ਏਸੇ ਪਿਛਵਾੜੇ ਵਿਚੋਂ ਇਕ ਬਾਉਲੀ ਤੋਂ ਜਲ ਭਰਦੇ ਸਨ । ਮੈਂ ਸਿਧੀ ਉਤਰਾਈ ਛੱਡ ਨਵੀਂ ਸੜਕ ਦਾ ਰਸਤਾ ਲੈ ਲਿਆ ।

ਇਕ ਘਰ ਦੇ ਛੋਟੇ ਜਿਹੇ ਵਿਹੜੇ ਵਿਚ ਦੋ ਦੱਗੀਆਂ ਨਾਲ ਇਕ ਤੀਵੀਂ ਕਣਕ ਗਾਹ ਰਹੀ ਸੀ । ਗਰਮ ਕੰਬਲ ਉਸ ਨੇ ਵੀ ਵਲੇਟਿਆ ਹੋਇਆ ਸੀ, ਜਦੋਂ ਕਿ ਮੈਂ ੬੭ ਸਾਲਾ ਸਿਆਣੇ ਨੇ ਕੇਵਲ ਕੁਰਤਾ ਹੀ ਪਹਿਨ ਰਖਿਆ ਸੀ— ਕੰਬਲ ਵਲੇਟਣ ਨੂੰ ਪੱਟੂ ਬੰਨ੍ਹਣਾ ਕਿਹਾ ਜਾਂਦਾ ਹੈ ।

ਸੜਕ ਰਸਤੇ ੫ ਕਿਲੋ ਮੀਟਰ ਸਫਰ ਕਰਕੇ ਘਰ ਆ ਲਥਾ । ਸ਼ਾਮ ਨੂੰ ਬੜੀ ਤਸੱਲੀ ਨਾਲ ਕੰਮ ਕੀਤਾ ।

... ...

ਇਕ ਦਿਨ ਮੰਡੀ ਵਲ ਜਾਂਦੀ ਸੜਕ ਤੇ ਭੂੰਤਰੋਂ ਬਾਹਰ ਨਿਕਲ ਕੇ ਇਕ ਬਾਉਲੀ ਤੋਂ ਪੱਛਮੀ ਪਠਾਰ ਨੂੰ ਡੰਡੀਓ ਡੰਡੀ ਚੜ੍ਹਨ ਲਗਾ । ਨਿਸ਼ਾਨਾ ਸੀ ਆਪਣੇ ਜਾਣੂੰ ਸ੍ਰੀ ਓਮ ਪ੍ਰਕਾਸ਼ ਢਾਕਾ ਐਸ. ਡੀ. ਓ. ਪਾਰਬਤੀ ਪ੍ਰਾਜੈਕਟ ਸਕੀਮ ਅਤੇ ਉਹਦੀ ਘਰ ਵਾਲੀ ਪ੍ਰੇਮ ਨੂੰ ਮਿਲਣਾ । ਇਹਨਾਂ ਦੇ ਘਰ ਬਾਲ ਹੈ ਨਹੀਂ । ਉਹਦੀ ਪ੍ਰਾਪਤੀ ਲਈ ਜ਼ਿਲਾ ਪਟਿਆਲਾ ਦੇ ਪਿੰਡ ਆਸਾ ਮਾਜਰਾ ਦੀ ਇਕ ਔਰਤ ਪਾਸ ਹਰ ਹਫਤੇ ਜਾਂਦੇ ਹਨ ਕਿ ਘਰ ਵਿਚ ਇਕ ਤੀਜੀ ਜ਼ਿੰਦਗੀ ਧੜਕ ਉਠੇ । ਆਸਾ ਮਾਜਰਾ ਪਿੰਡ ਦੀ ਚਰਚਾ ਏਨੀ ਦੂਰ ਪਹਾੜੀਆਂ ਵਿਚ ਵੀ ਪਹੁੰਚ ਚੁਕੀ ਹੈ । ਇਸ ਪਾਸੇ ਦੇ ਕਈ ਲੋਕ ਜਾਂਦੇ ਹਨ । ਭੂੰਤਰ ਵਿਚਲਾ ਇਕ ਹੋਰ ਸਿਖ ਪਰਵਾਰ ਵੀ ਸੰਤਾਨ ਪ੍ਰਾਪਤੀ ਲਈ ਆਸਾ ਮਾਜਰੇ ਜਾਂਦਾ ਰਹਿੰਦਾ ਹੈ । ਵਿਸ਼ਵਾਸ ਦੇ ਕੱਚੇ ਜੀਆਂ ਨੂੰ ਥਾਂ ਥਾਂ ਦੀ ਭਟਕਣ ਧੁਰ ਦਰਗਾਹੋਂ ਲਿਖੀ ਹੋਈ ਹੁੰਦੀ ਹੈ । ਮੈਂ ਤਾਂ ਸਾੜ੍ਹਾ ਬਾਈ ਪ੍ਰੇਮ-ਢਾਕਾ ਨੂੰ, ਜੇ ਹੋਣ ਤਾਂ, ਮਿਲ ਲਵਾਂਗਾ ਨਹੀਂ ਤਾਂ ਚਹਿਲ ਕਦਮੀ ਤਾਂ ਹੋ ਹੀ ਜਾਵੇਗੀ ।

ਪਹਾੜੀ ਕਿਸਾਨੀ

ਸਾੜ੍ਹਾ ਬਾਈ ਨੂੰ ਜਾਂਦਿਆਂ ਮੇਰੀ ਪਗਡੰਡੀ ਮੈਨੂੰ ਖੇਤਾਂ ਵਿਚ ਵੱਸੇ ਇਕ ਘਰ ਕੋਲ ਲੈ ਗਈ । ਕੱਚੇ ਜਿਹੇ ਸਾਧਾਰਨ ਕੋਠੇ ਨੂੰ ਕੁਝ ਹਰੇ ਰੁਖਾਂ ਨੇ ਘੇਰਿਆ ਹੋਇਆ ਸੀ । ਇਸ ਘਰ ਦੇ ਪਿਛਵਾੜੇ ਇਕ ਪਿੜ ਵਿਚ ਇਕ ਪਹਾੜੀ ਕਿਸਾਨ ੫ ਕੁ ਵੱਛੀਆਂ ਦੱਗੀਆਂ ਅਤੇ ਛੋਟੇ ਛੋਟੇ ਦੋ ਬੋਲ ਜੁੱਟ ਕਰਕੇ ਕਣਕ ਗਾਹ ਰਿਹਾ ਸੀ । ਉਸ ਦਾ ਪੈਰ ਕਿਤੇ ਅੜਕ ਗਿਆ ਅਤੇ ਉਹ ਸਿਰ ਪਰਨੇ ਡਿਗ ਪਿਆ । ਲੱਤਾਂ ਅਸਮਾਨ ਵਲ ਚੁਕੀਆਂ ਗਈਆਂ । ਦੋ ਜਣੀਆਂ ਉਸਦੀਆਂ ਤੀਵੀਆਂ ਸਨ ਜਾਂ ਕੁਛ ਹੋਰ, ਖ਼ੂਬ ਠਹਾਕਾ ਮਾਰਕੇ ਹੱਸੀਆਂ । ਮੈਨੂੰ ਵੀ ਉਹਨਾਂ ਨੋਟ ਕਰ ਲਿਆ ਕਿ ਇਸ ਕੁਦ੍ਰਿਸ਼ ਦਾ ਦਰਸ਼ਕ ਹਾਂ । ਉਠਿਆ ਤਾਂ ਮੈਂ ਹਮਦਰਦੀ ਜਤਾਣ ਖਾਤਰ ਕੋਲ ਹੋਇਆ ਅਤੇ ਫਿਰ ਪੁਛਿਆ : ਤੇਰੀ ਕਿੰਨੀ ਕੁ ਜ਼ਮੀਨ ਹੈ ਭਾਈ ਮੇਰੇ ?

"ਪਤਾ ਨਹੀਂ । ਅਹਿ ਸਾਹਵੇਂ ਦੇ ਖੇਤ ਮੇਰੇ ਹੀ ਹਨ ।"

"ਕਿੰਨੀ ਕੁ ਕਣਕ ਪੈਦਾ ਕਰ ਲੈਨੈਂ ?"

"ਦਸ ਮਣ !"

"ਸਰ ਜਾਂਦੈ ?"

"ਕਾਹਨੂੰ ਜੀ, ਮੱਕੀ ਵੀ ਬੀਜੀ ਦੀ ਹੈ ਤੇ ਚੌਲ ਵੀ ਖਰੀਦਣੇ ਪੈਂਦੇ ਹਨ ।"

"ਚੌਲ ਕਿਥੋਂ ਆਉਂਦੇ ਹਨ ?"

"ਨੀਚਿਓਂ !"

"ਪੈਸੇ ਹੁੰਦੇ ਨੇ ਖਰਚਣ ਜੋਗੇ ?"

"ਨਹੀਂ ਜੀ ਕਿਤੋਂ ਕਰਜ਼ ਲਈਦਾ ਹੈ ।"

ਸਾੜ੍ਹਾ ਬਾਈ ਦੇ ਮਿੱਤਰ

ਗੌਰਮਿੰਟ ਕਾਲੋਨੀ ਸਾੜ੍ਹਾ ਬਾਈ ਗਿਆ ਤਾਂ ਪ੍ਰੇਮ ਤਿਆਰ ਹੋ ਕੇ ਅਪਣੇ ਫਲੈਟ ਤੋਂ ਉਤਰੀ ਸੀ ਆਸਾ ਮਾਜਰੇ ਜਾਣ ਲਈ । ਸਾਡਾ ਮਿਤਰ ਢਾਕਾ ਉਹਨਾਂ ਲਈ ਭੂੰਤਰੋਂ ਸੀਟਾਂ ਰਾਖਵੀਆਂ ਕਰਵਾਣ ਗਿਆ ਸੀ । ੫-੬ ਜ਼ਨਾਨੀਆਂ ਦਾ ਗਰੁਪ ਆਸਾ ਮਾਜਰੇ ਆਪਣੀ ਨਿਰਾਸਤਾ ਖ਼ਤਮ ਕਰਵਾਣ ਜਾ ਰਿਹਾ ਸੀ ।

ਮੈਂ ਤੁਰਤ ਵਾਪਸ ਪਰਤਿਆ ਤੇ ਬਿਆਸ ਦਰਿਆ ਦਾ ਕੰਢਾ ਭੂੰਤਰ ਪਹੁੰਚਣ ਲਈ ਫੜਿਆ । ਇਸ ਦੇ ਨਾਲ ਹਵਾਈ ਅੱਡਾ ਹੋਣ ਕਰਕੇ ਕੰਢਾ ਸਾਫ਼ ਸੀ ਤੇ ਮੈਨੂੰ ਛੋਟੀ ਜਿਹੀ ਡੰਡੀ ਮਿਲ ਗਈ ਸੀ । ਪਹਾੜੀਆਂ ਨੇ ਅਪਣਾ ਭੰਗੀ ਨਦੀਆਂ ਨਾਲਿਆਂ ਨੂੰ ਮਿਥਿਆ ਹੋਇਆ ਹੈ । ਜਦੋਂ ਵੀ ਦਰਿਆ ਜਾਂ ਨਦੀ ਨਾਲੇ ਵਿਚ ਪਾਣੀ ਬਾਹਲਾ ਆਵੇ ਇਹਨਾਂ ਦੇ ਗੰਦ ਨੂੰ ਰੋੜ੍ਹ ਕੇ ਲੈ ਜਾਵੇ ।

Sri Satguru Jagjit Singh Ji Elibrary NamdhariElibrary@gmail.com

ਦੁਨੀਆਂ ਵੀ ਬੜੀ ਦਿਲਚਸਪ ਹੈ। ਕੁਝ ਇਲਾਕਿਆਂ ਦੇ ਲੋਕ ਖਵਾਜਾ ਖਿਜ਼ਰ ਅਰਥਾਤ ਜਲ ਦੇਵਤਾ ਨੂੰ ਨਮਸਕਾਰ ਕਰਨ ਹਿਤ ਲੰਘਦੇ ਟੱਪਦੇ ਪੈਸੇ ਟਕੇ ਪਾਣੀ ਵਿਚ ਸੁਟਦੇ ਹਨ, ਦੂਜੇ ਪਾਸੇ ਇਹ ਟੱਟੀ ਪਿਸ਼ਾਬ ਦੀ ਭੇਟਾ ਕਰਦੇ ਹਨ। ਓਧਰ ਮੈਦਾਨੀ ਇਲਾਕਿਆਂ ਵਿਚ ਨਦੀਆਂ ਨਾਲਿਆਂ ਦਾ ਪਾਣੀ ਪਵਿੱਤਰ ਮਿਥਿਆ ਜਾਂਦਾ ਹੈ।

ਤੱਤ ਇਹ ਕਿ ਜੇ ਗੰਦਗੀ ਦੂਰੋਂ ਘੁਲਕੇ ਆਵੇ ਤਾਂ ਸਾਨੂੰ ਉਸ ਬਾਰੇ ਬਾਹਲੀ ਵਿਚਾਰ ਕਰਨ ਦੀ ਲੋੜ ਨਹੀਂ ਹੁੰਦੀ ਨੇੜੇ ਹੋਵੇ ਤਾਂ ਅਪਵਿਤਰਤਾ ਦਾ ਆਭਾਸ ਹੋਣਾ ਸੁਭਾਵਕ ਹੈ।

ਕੁੱਕੂ ਦੀ ਸਹੇਲੀ

ਇਕ ਦਿਨ ਆਪਣੀ ਲੜਕੀ ਕੁਲਵੰਤ ਦੀ ਇਕ ਭੈਣ ਸਹੇਲੀ ਨਿਰਮਲਾ ਦੇ ਘਰ ਗਿਆ। ਉਹ ੩੦ ਸਾਲ ਦੀ ਉਮਰ ਵਿਚ ਵੀ ਕੁਆਰੀ ਹੈ। ਆਪਣੇ ਭਾਈਚਾਰੇ ਲਹੁਲਿਆਂ ਵਿਚ ਵਿਆਹੇ ਜਾਣਾ ਪਸੰਦ ਨਹੀਂ ਕਰਦੀ ਕਿਉਂਕਿ ਉਹ ਤਾਂ ਔਰਤਾਂ ਨੂੰ ਖੇਤੀ ਕਰਵਾ ਕਰਵਾ ਹੀ ਮਾਰ ਛਡਦੇ ਹਨ। ਉਹ ਆਪਣੇ ਵੱਡੇ ਘਰ ਵਿਚ ਆਦਰ ਸਤਿਕਾਰ ਰਖਵਾਂਦੀ ਅਤੇ ਸ਼ਾਲ ਉਣਕੇ ਆਪਣੇ ਲਈ ਅਤੇ ਘਰ ਵਾਲਿਆਂ ਦਾ ਹੱਥ ਵੀ ਵਟਾਂਦੀ ਹੈ। ਉਸ ਦੱਸਿਆ ਕਿ ਸਾਧਾਰਨ ਸ਼ਾਲ ਉਣਾਈ ਦੇ ੩੦/- ਲਈਦੇ ਹਨ। ਵਿਸ਼ੇਸ਼ ਬਾਰਡਰ ਅਤੇ ਬੂਟਿਆਂ ਦਾ ਕੰਮ ਜੇ ਕਰਨਾ ਪਏ ਤਾਂ ੧੫੦/- ਤਕ ਪ੍ਰਾਪਤ ਕੀਤੇ ਜਾਂਦੇ ਹਨ। ਇਕ ਸ਼ਾਲ ਤਿੰਨ ਦਿਨ ਤਾਂ ਲੈ ਹੀ ਲੈਂਦਾ ਹੈ। ਬੀਬੀ ਨਿਰਮਲਾ ਚੌਧਰੀ ਰਾਮ ਚੰਦ ਦੀ ਪੁੱਤਰੀ ਹੈ ਜਿਸਦਾ ਘਰ ਖੁਲ੍ਹਾ ਡਲ੍ਹਾ ਅਤੇ ਏਅਰਪੋਰਟ ਦੇ ਨਾਲ ਹੀ ਹੈ। ਮੇਰੀ ਇਹ ਪਹਾੜਨ ਧੀ ਹੈ। ਮੇਰੀਆਂ ਦੂਜੀਆਂ ਧੀਆਂ ਨਾਲ ਵੀ ਇਸਦੀ ਭੈਣਾਂ ਵਰਗੀ ਨੇੜਤਾ ਹੈ।

ਬੁਢੀ ਮਾੜੀ ਵਾਲਿਆਂ ਨਾਲ

੨੩-੫-੭੯ ਨੂੰ ਸੰਤ ਤਰਨ ਸਿੰਘ "ਵਹਿਮੀ" ਕਰਤਾ "ਜਸ ਜੀਵਨ" ਦਾ ਲੜਕਾ ਬਲੀ ਸਿੰਘ ਅਤੇ ਇਕ ਹੋਰ ਨੌਜਵਾਨ ਰਾਜਿੰਦਰ ਸਿੰਘ ਬੁਢੀ ਮਾੜੀ (ਸਰਸਾ) ਹਰਿਆਣਾ ਤੋਂ ਆਏ। ਇਹ ਇਸ ਸਰੋਤ ਨਾਲ ਆਏ ਸਨ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਜ ਕਲ ਮੰਡੀ ਵਿਖੇ ਹਨ। ਪਰ ਸਤਿਗੁਰੂ ਜੀ ਨੂੰ ਮੰਡੀ ਵਿਚ ਨਾ ਪ੍ਰਾਪਤ ਕਰਕੇ, ਭੂੰਤਰ, ਆਪਣੇ ਮਿੱਤਰ ਸ੍ਰੀ ਕੇਹਰ ਸਿੰਘ ਹਮਰਾਹੀ ਕੋਲ ਆ ਗਏ। ਦੁਪਹਿਰ ਦੇ ਫੇਰੇ ਤੋਰੇ ਲਈ ਮੈਨੂੰ ਵੀ ਸਾਥ ਮਿਲ ਗਿਆ ਅਗਲੇ ਦਿਨ ਇਹ ਮਨੀਕਰਨ ਨੂੰ ਚਲੇ ਗਏ। ੨੫-੫-੭੯ ਨੂੰ ਮੇਰੇ ਬਣਾਏ ਪ੍ਰੋਗਰਾਮ ਅਨੁਸਾਰ ਕੋਲ ਦਿੱਸਦੀ ਇਕ ਹੋਰ ਪਹਾੜੀ ਤੇ ਚੜ੍ਹਨ ਲਈ ਤਿਆਰ ਹੋ ਗਏ।

ਨੜੋਏ ਦੇ ਦਰਸ਼ਨ

ਭੂੰਤਰ ਦੀ ਉੱਤਰ ਪੱਛਮੀ ਪਹਾੜੀ ਤੇ ਪਿੰਡ ਭੁਲੇਗ ਵਿਖੇ ਜਾਣਾ ਸੀ। ਪਹਾੜੀ ਚੜਦੀ ਇਕ ਕਚੀ ਸੜਕ ਦਾ ਆਸਰਾ ਲੈਕੇ ਚਲੇ। ਸਰੀ ਭੇੜ ਨਾਮੀਂ ਗਾਂਵ ਲੰਘ ਕੇ ਉਪਰ ਤੋਂ ਉਪਰ ਦੇ ਰਸਤੇ ਫੜੀ ਤੁਰਦੇ ਗਏ। ਭੂੰਤਰ ਤੋਂ ਕੋਈ ੪ ਕਿਲੋਮੀਟਰ ਦੂਰ ਪਹਾੜੀ ਤੇ ਇਕ ਇਕੱਲਾ ਰੁੱਖ ਹੈ। ਇਹ ਵੀ ਕਈ ਵਾਰ ਬੁਲਾਇਆ ਕਰਦਾ ਸੀ। ਅਜ ਪਤਾ ਲਗਾ ਕਿ ਗੀਠੇ ਦਾ ਇਹ ਰੁਖ ਕਿੰਨੀ ਦੂਰ ਹੈ। ਇਸ ਕੋਲ ਅਸਾਂ ਉਪਰ ਵਲੋਂ, ਬੜੀ ਅੱਛੀ ਤਰ੍ਹਾਂ ਨਾਲ ਲਾਲ ਰੇਸ਼ਮੀ ਕਪੜਿਆਂ ਵਿਚ ਵਲ੍ਹੇਟਿਆ ਅਤੇ ਫਬਾਇਆ ਹੋਇਆ ਨੜੋਆ ਆਉਂਦਾ ਵੇਖਿਆ। ਚਾਰ ਜਣੇ ਉਸਨੂੰ ਮੋਢਿਆਂ ਤੇ ਚੁਕੀ ਰਵਾਂ ਰਵੀਂ ਹੇਠਾਂ ਉਤਰ ਰਹੇ ਸਨ। ਪੰਦਰਾਂ ਵੀਹ ਹੋਰ ਆਦਮੀ ਵੀ ਉਸਦੇ ਪਿਛੇ ਪਿਛੇ ਸਨ। ਹਰੇਕ ਨੇ ਸਿਰ ਉਤੇ ਇਕ ਇਕ ਲੱਕੜ ਉਠਾਈ ਹੋਈ ਸੀ। ਇਕ ਹੋਰ ਆਦਮੀ ਸੁਨਹਿਰੀ ਢੋਲ ਤੇ ਡਗਾ ਲਗਾਂਦਾ ਚਲ ਰਿਹਾ ਸੀ, ਦੂਜਾ ਰੁਪਹਿਰੀ ਨਫ਼ੀਰੀ ਦੀ ਅਵਾਜ਼ ਨਾਲ ਮੇਲ ਰਿਹਾ ਸੀ। ਇਹ ਸਾਰੇ ਪਹਾੜੀਓਂ ਉਤਰਦੇ ਇੰਜ ਲਗ ਰਹੇ ਸਨ ਜਿਵੇਂ ਅਸਮਾਨੋਂ ਉਤਰ ਰਹੇ ਹੋਣ।

ਅੱਜ ਸਵੇਰੇ ਹੀ ਰਾਜਿੰਦਰ ਸਿੰਘ ਨੇ ਸੁਆਲ ਕੀਤਾ ਸੀ ਕਿ ਪਹਾੜੀ ਲੋਕ ਆਪਣੇ ਮੁਰਦੇ ਨੂੰ ਕੀ ਕਰਦੇ ਹੋਣ। ਉੱਤਰ ਦੇਣ ਹਿਤ ਮੁਰਦਾ ਹੀ ਸਾਹਵੇਂ ਆ ਹਾਜ਼ਰ ਹੋਇਆ ਜਦ ਇਹ ਨੜੋਆ ਸਾਡੇ ਪਾਸ ਅਇਆ, ਵੇਖਣ ਨੂੰ ਭਾਵੇਂ ਇਹ ਗਰੀਬ ਲੋਕ ਦਿਸਦੇ ਸਨ ਪਰ ਇਹਨਾਂ ਦਾ ਵਿਸ਼ਵਾਸ ਤਕੜਾ ਅਮੀਰ ਸੀ।

ਉਨ੍ਹਾਂ ਤੋਂ ਪੁਛਿਆ : ਇਸਨੂੰ ਸਸਕਾਰੋਗੇ ? ਤੇ ਕਿਥੇ ? "ਭੂੰਤਰ ਦੇ ਨਵੇਂ ਬਣੇ ਪੁਲ ਦੇ ਕੋਲ ਬਿਆਸ ਦਰਿਆ ਕੰਢੇ ਸਸਕਾਰਾਂਗੇ।" ਇਹ ਵੀ ਪਤਾ ਲਗਾ ਕਿ ਹਿਮਾਚਲ ਸਰਕਾਰ ਮੁਰਦਿਆਂ ਪ੍ਰਤੀ ਅਪਣੀ ਭਾਵਨਾ ਰਖਦੀ ਹੈ ਅਤੇ ਪ੍ਰਤੀ ਮੁਰਦਾ ਇਕ ਰੁਖ ਉਹਦੇ ਸਸਕਾਰ ਲਈ ਭੇਟ ਕਰਦੀ ਹੈ। ਇਸ ਵਿਚ ਸੰਦੇਹ ਹੈ ਕਿ ਇਕ ਰੁਖ ਨਾਲ ਹੀ ਮੁਰਦੇ ਦਾ ਕੰਮ ਤਮਾਮ ਹੋ

Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੋਵੇ ।

ਨੜੋਏ ਨੂੰ ਵਿਦਾ ਕਰ ਜਦੋਂ ਅਸੀਂ ਅਕੱਲੇ ਬਿਰਛ ਵਲ ਵਧਣਾ ਸ਼ੁਰੂ ਹੋਏ ਤਾਂ ਪਤਾ ਲਗਾ ਕਿ ਸਿੱਧੀ ਚੜ੍ਹਾਈ ਚੜ੍ਹਨਾ ਕਿੰਨੀ ਮੁਸ਼ਕਲ ਹੈ । ਬਿਰਛ ਪਾਸ ਪਹੁੰਚਿਆਂ ਡਿੱਠਾ ਕਿ ਇਕ ਨੌਵੀਂ ਪੜ੍ਹਦੀ ਕੁੜੀ ਅਤੇ ਇਕ ਉਸ ਤੋਂ ਛੋਟਾ ਦਿਸਦਾ ਮੁੰਡਾ ਏਥੇ ਪਸ਼ੂ ਚਾਰਨ ਆਏ ਹੋਏ ਸਨ । ਕੁੜੀ ਨੇ ਸਾਡੀਆਂ ਪੁੱਛਾਂ ਦੇ ਜੁਆਬ ਮਿੱਠੀ ਆਵਾਜ਼ ਤੇ ਸੁਰੁਚੀ ਪੂਰਣ ਦਿਤੇ । ਦੱਸਿਆ ਗਿਆ ਪਿੰਡ ਭੁਲੰਗ ਨੇੜੇ ਹੀ ਹੈ ਤੇ ਪਹਾੜ ਦੇ ਦੂਜੇ ਬੰਨੇ ਨੁੱਕਰ ਦੇ ਨਾਲ ਕਰਕੇ ਹੀ ਹੈ ।

ਭੁਲੰਗ ਨੂੰ ਭੁੱਲਕੇ...

ਅਸਮਾਨ ਛੂੰਹਦੇ ਦੇਉਦਾਰਾਂ ਵਿਚ ਦੀ ਡੰਡੀ ਟਟੋਲਦੇ ਅਸੀਂ ਪਰਬਤ ਦੀ ਉਚਾਈ ਵਲ ਨੂੰ ਕਦਮ ਪੁਟ ਰਹੇ ਸਾਂ । ਬੜੀ ਨਿਕਟ ਜਿਹੀ ਪਗਡੰਡੀ ਸਾਨੂੰ ਇਕ ਸਿਉ ਬਾਗੀਚੇ ਪਾਸ ਲੈ ਗਈ । ਇਕ ਦੋ ਆਦਮੀ ਪਸ਼ੂ ਚਾਰਦੇ ਮਿਲੇ । ਹਰ ਕੋਈ ਦੱਸ ਰਿਹਾ ਸੀ : ਭੁਲੰਗ ਨੇੜੇ ਹੀ ਹੈ । ਪਰ ਉਹ ਨੇੜੇ ਨਹੀਂ ਸੀ । ਸਾਡੀਆਂ ਲੱਤਾਂ ਫੁਲ ਗਈਆਂ ਸਨ ਤੇ ਪੈਰ ਮਣ ਮਣ ਦੇ ਹੋ ਗਏ ਸਨ ਤਾਂ ਵੀ ਗੱਲ "ਆਕਾਮ ਕੂ ਤ੍ਰਾਂਘ" ਵਾਲੀ ਸੀ ੩-੪ ਕਿਲੋਮੀਟਰ ਅਜੇ ਹੋਰ ਉਪਰ-ਹੇਠਾਂ ਚਲਣਾ ਸੀ ।

ਔਖੇ ਸੌਖੇ ਹੋਕੇ ਅਸੀਂ ਭੁਲੰਗ ਦੇ ਇਕ ਘਰ ਪਾਸ ਪਹੁੰਚ ਹੀ ਗਏ । ਦੋ ਬੱਚੇ ਮਿਲੇ । ਇਕ ਦਸਵੀਂ ਪਾਸ ਦੂਜਾ ਅਸਲੋਂ ਅਨਪੜ੍ਹ । ਦੋਵੇਂ ਦੁਪਹਿਰ ਦੇ ੧੨ ਵਜੇ ਦੰਦਾਂ ਨੂੰ ਬੁਰਸ਼ ਕਰ ਰਹੇ ਸਨ । ਕੇਹੜਾ ਵੇਲਾ ਦੰਦ ਸਾਫ ਕਰਨ ਦਾ । ਅਸੀਂ ੬ ਵਜੇ ਦੇ ਤੁਰੇ ਹੋਏ ਸਾਂ । 'ਜਲ ਕੀ ਪਿਆਸ' ਵੀ ਲੱਗੀ ਹੋਈ ਸੀ । ਪਰ ਭੁਲੰਗ ਤਾਂ ਬੜਾ ਖਿੰਡਵਾ ਜਿਹਾ ਸੀ । ਲੜਕਿਆਂ ਦੱਸਿਆ : ਹੋਰ ਉਪਰ ਜਾਓ । ਰਾਜਪੂਤਾਂ ਦੇ ਘਰੋਂ ਪਾਣੀ ਪੀ ਲਿਓ । ਉਸ ਤੋਂ ਉਪਰ ਹਰੀਜਨਾਂ ਦਾ ਘਰ ਹੈ । ਇਸ ਤੋਂ ਹੋਰ ਉਚੇਰੇ ਨੈਣਾ ਦੇਵੀ ਦਾ ਮੰਦਰ ਹੈ, ਉਥੇ ਜ਼ਰੂਰ ਜਾਣਾ ।

ਬੜੇ ਥੱਕੇ ਹੋਏ ਸਾਂ । ਖਲੋਕੇ ਚੁਤਰਫੀਂ ਝਾਤ ਮਾਰੀ । ਏਥੋਂ ਕੁਲੂ ਦੇ ਬੰਗਲੇ ਅਤੇ ਸ਼ਹਿਰ ਨਜ਼ਰ ਪੈ ਰਿਹਾ ਸੀ । ਸਾਡੇ ਵਾਲੇ ਪਹਾੜ ਤੋਂ ਅਗਲਾ ਦਿਸਦਾ ਪਰਬਤ ਸ਼ਿਕਾਰਾ ਪਰਬਤ ਹੈ, ਖੂਬ ਹਰਾ ਭਰਾ ਤੇ ਕਾਫ਼ੀ ਵੱਸੋਂ ਵਾਲਾ । ਇਸ ਦੇ ਪੈਰਾਂ ਤੋਂ ਚੋਟੀ ਤਕ ਆਬਾਦੀ ਅਤੇ ਕਣਕ ਦੇ ਖੇਤ ਬੜੇ ਭਲੇ ਭਲੇ ਲਗ ਰਹੇ ਸਨ । ਸਾਡੇ ਪਰਬਤ ਦੇ ਪੈਰਾਂ ਹੇਠਾਂ 'ਮੌਲੂ' ਨਾਮ ਦੀ ਬਸਤੀ । ਸ਼ਮਸੀ ਦੀ ਭੱਟੀ ਕਾਲੋਨੀ, ਵਰਕਸ਼ਾਪ ਅਤੇ ਹੋਰ ਸਭੋ ਕੁਝ ਨੇੜੇ ਨੇੜੇ ਜਾਪ ਰਿਹਾ ਸ਼ੀ ।

ਸਾਨੂੰ ਅਜੇ ਕਾਫ਼ੀ ਚੜ੍ਹਾਈ ਚੜ੍ਹਨੀ ਸੀ । ਪਹਿਲੇ ਹੀ ਘਰ ਪਾਸ ਜਾਕੇ ਆਵਾਜ਼ ਲਗਾਈ : ਹੈ ਕੋਈ ? ਦੋ ਤਿੰਨ ਭੱਜ ਕੇ ਸਾਡੇ ਵਲ ਆਏ । ਪਾਣੀ ਮੰਗਿਆ ਤਾਂ ਉਹ ਗੜਵੀ ਲੈ ਆਏ । ਫਿਰ ਗਲਾਸ ਮੰਗਵਾਏ । ਜੀ ਭਰ ਕੇ ਪਾਣੀ ਪੀਤਾ ਤਾਂ ਜਿੰਦ ਜਿੰਦ ਅਨੁਭਵ ਕੀਤੀ । ਇਹ ਘਰ ਵੀ ਕਿਸੇ ਕਿਸਾਨ ਦਾ ਸੀ । ਛੋਟੇ ਜਿੰਨੇ ਵਿਹੜੇ ਵਿਚ ਧਰਤੀ 'ਚ ਗੱਡੀਆਂ ਸਲੇਟਾਂ । ਕੱਚੇ ਮਕਾਨ ਦੀ ਪੱਧਰੀ, ਮਿੱਟੀ ਦੀ ਛੱਤ ਭਾਵੇਂ ਢਾਲਵੀਂ ਤੇ ਸਲੇਟੀ ਛੱਤ ਨਹੀਂ । ਖਿੰਡ ਪੁੰਡੇ ਕਣਕ ਦੇ ਪੂਲੇ, ਹੱਥ ਖੱਡੀ, ਥੋੜੇ ਜਿਹੇ ਫਲੋਂ ਝੜੇ ਬੂਟੇ । ਬੱਚਿਆਂ ਨੂੰ ਟਾਫ਼ੀਆਂ ਦਿਤੀਆਂ । ਛੋਟੇ ਨੇ ਫੜ ਲਈਆਂ । ਵਡਿਆਂ ਨੇ ਨਹੀਂ : ਪਤਾ ਨਹੀਂ ਕੀ ਹੋਵੇ, ਕਿਉਂ ਦੇ ਰਹੇ ਹਨ ?

ਹੋਰ ਉਪਰ ਚੜ੍ਹੇ । ਰਜਿੰਦਰ ਸਿੰਘ ਦੇ ਕੁਝ ਹੋਰ ਸ਼ੰਕਿਆਂ ਦਾ ਸਮਾਧਾਨ ਹੋ ਗਿਆ । ਇਹ ਹਰੀਜਨਾਂ ਦਾ ਘਰ ਸੀ । ੮-੧੦ ਬੱਚੇ ਅੰਦਰ ਬਾਹਰ ਘੁੰਮ ਰਹੇ ਸਨ । ੫-੬ ਔਰਤਾਂ ਅਤੇ ਇਕ ਆਦਮੀ ਏਥੇ ਨਜ਼ਰ ਪਏ । ਪਤਾ ਲਗਾ ਇਸ ਘਰੋਂ ਹੁਣੇ ਹੀ ਨੜੋਆ ਹੇਠਾਂ ਨੂੰ ਗਿਆ ਹੈ । ਸਾਰੀ ਬਰਾਦਰੀ ਇਕੱਤਰ ਹੋਈ ਹੈ । ੬੦ ਸਾਲ ਦਾ ਬੁੱਢਾ ਰੋਗ ਗ੍ਰਸਤ ਸੀ ਜਿਸਦੀ ਜਾਨ ਖਲਾਸ ਹੋਈ ਹੈ । ਨਾਲ ਗਏ ਉਹਦਾ ਦਾਹ ਕਰਕੇ ਆਉਣਗੇ ਤਦ ਤਕ ਏਥੇ ਖਾਣ ਪੀਣ ਵਗੈਰਾ ਤਿਆਰ ਹੋ ਜਾਏਗਾ । "ਅਸੀਂ ਹੁਣ ਪਾਣੀ ਲੈਣ ਚਲੇ ਹਾਂ" ਉਸ ਆਦਮੀ ਕਿਹਾ । ਤਿੰਨਾਂ ਜ਼ਨਾਨੀਆਂ ਤੇ ਉਸ ਆਦਮੀ ਨੇ ਪਿੱਠਾਂ ਪਿਛੇ ਕਿਲਟੇ ਲਟਕਾ ਲਏ ਜਿਨ੍ਹਾਂ ਵਿਚ ਪਿੱਤਲ ਜਾਂ ਮਿੱਟੀ ਦੇ ਘੜੇ ਸਨ ।

ਅਸਾਂ ਵੇਖਿਆ ਮੁਰਦੇ ਹੇਠ ਵਿਛੇ ਨਮਦੇ (ਸੇਲ੍ਹੇ) ਧੋ ਕੇ ਸੁਕਣੇ ਪਾਏ ਹੋਏ ਸਨ । ਅੱਜ ਗਰਮੀ ਏਥੇ ਵੀ ਕਾਫ਼ੀ ਸੀ । ਪਰ ਅਸੀਂ ਹੋਰ ਉੱਚੇ ਨੂੰ ਗਏ । ਮਾਤਾ ਨੈਣਾਂ ਦੇਵੀ ਦਾ ਮੰਦਰ ਸਾਡੇ ਸਾਹਵੇਂ ਸੀ । ਪਰਬਤ ਦੀ ਛੋਟੀ ਚੋਟੀ ਉਤੇ ਬਿਨਾਂ ਕਿਸੇ ਪੰਡੇ ਪੁਜਾਰੀ ਤੋਂ ਇਹ ਸ਼ਾਂਤ ਇਕਾਂਤ ਮੰਦਰ ਸੀ । ਮੋਟੀਆਂ ਮੋਟੀਆ ਲੱਕੜਾਂ ਦੇ ਛਤੀਰ, ਥੰਮੇ ਅਤੇ ਸਰਦਲਾਂ-ਕੁਰੇਦ ਕੇ ਕਲਾਮਈ ਬਣਾਏ ਹੋਏ । ਇਕਦਮ ਪਰਵੇਸ਼ ਦੁਆਰ ਅਤੇ ਮੱਥੇ ਦੇ ਸਾਰੇ ਵਰਾਂਡੇ ਦੇ ਸਾਹਮਣੇ, ਲੱਕੜ ਤੇ ਮੇਖਾਂ ਨਾਲ ਲਗੇ ਅਤੇ ਮੋਟੇ ਪਤਲੇ ਖਰਾਦੇ ਹੋਏ ਡੰਡੇ ਜੁ ਕੇਵਲ ਫੁਟ ਫੁਟ ਦੇ ਹੋਣਗੇ, ਲਟਕ ਰਹੇ ਸਨ । ਮੰਦਰ ਦੇ ਸਾਹਵੇਂ ਥੋੜਾ ਜਿਹਾ ਪੱਧਰਾ ਥਾਂ, ਉਪਰ ਰੀਠੇ ਦੇ ਰੁਖ ਦੀ ਛਾਂ । ਅਸੀਂ ਦਸ ਕੁ

Sri Satguru Jagjit Singh Ji Elibrary NamdhariElibrary@gmail.com

ਮਿੰਟ ਇਸ ਮੌਕੇ ਰੀਠੇ ਦੀ ਮਿੱਠੀ ਛਾਂ ਦਾ ਸੁਖ ਲਿਆ ਤੇ ਨਾਲ ਲਿਆਂਦੇ ਟਾਫੀਆਂ ਬਿਸਕੁਟ ਮੁਕਾਏ। ਥਕਾਵਟ ਲਥ ਗਈ। ਮਾਤਾ ਨੈਣਾ ਦੇਵੀ ਦਾ ਮੰਦਰ ਬਸ ਮੰਦਰ ਹੀ ਸੀ ਕੋਈ ਨੈਣਾ ਦੇਵੀ ਅੰਦਰ ਨਹੀਂ ਸੀ ਤੇ ਲਗਦਾ ਸੀ ਜਿਵੇਂ ਅੱਜ ਸਾਡੇ ਹੀ ਪੈਰ ਏਥੇ ਪਏ ਹਨ ਹੋਰ ਕਿਸੇ ਦੇ ਨਹੀਂ।

ਹਾਏ ! ਏਨਾ ਕਠਿਨ ਜਿਉਣਾ

ਮਨੋਰਥ ਪੂਰਾ ਹੋ ਗਿਆ ਸੀ। ਹੁਣ ਸਿੱਧਾ ਹੀ ਮੌਲੂ ਨੂੰ ਹੇਠਾਂ ਉਤਰਨਾ ਸ਼ੁਰੂ ਹੋ ਗਏ। ਬਹੁਤ ਵਿਕਟ ਉਤਰਾਈ ਜੋ ਅਸਾਂ ਮਸਾਂ ਢਾਈ ਵਜੇ ਤਕ ਮੁਕਾਈ। ਇਕ ਦੋ ਥਾਈਂ ਇਸ ਔਖੇ ਅਤੇ ਚੜ੍ਹਾਈ ਭਰੇ ਰਸਤੇ ਉਤੇ ਪਿੱਠਾਂ ਤੇ ਭੇਡ ਖੱਲਾਂ ਵਿਚ ਆਟਾ ਲਈ ਜਾਂਦੇ ਪਰਬਤੀ ਲੋਕ ਵੇਖੇ। ਇਕ ਨੂੰ ਪੁਛਿਆ :

"ਕਿੰਨਾ ਕੁ ਵਜ਼ਨ ਉਠਾ ਕੇ ਚੜ੍ਹ ਲੈਂਦੇ ਹੋ ?"

"੪੦ ਕਿਲੋ ਤਕ ਤਾਂ ਚੁਕ ਹੀ ਲੈਂਦੇ ਹਾਂ।"

ਸਾਡੇ ਲਈ ਇਹ ਅਸਚਰਜ ਸੀ ਪਰ ਉਹ ਬੰਦਾ ਤਾਂ ਏਨੀ ਤੇਜ਼ੀ ਨਾਲ ਉਪਰ ਨੂੰ ਚੜ੍ਹ ਗਿਆ ਕਿ ਕੋਈ ਖੁਦਾਈ ਫਰਿਸ਼ਤਾ ਹੀ ਜਾਪਿਆ। ਪਹਾੜੀ ਮਾਨਸ ਜਾਂ ਮਾਣੂੰ ਕਾਫ਼ੀ ਮੁਸ਼ਕਤੀ ਹੈ। ਪਹਾੜੀ ਜੀਵਨ ਕਠਨਤਾ ਵਿਚ ਹੀ ਉਗਦਾ ਵਿਕਾਸਦਾ ਹੈ ਅੰਤ ਪਾਉਂਦਾ ਹੈ। ਆਮ ਜੀਵਨ ਲਈ ਆਰਾਮ ਨਹੀਂ। ਏਥੇ ਜੀਵਨ ਦਾ ਸਆਦ ਏਸੇ ਵਿਸ਼ਵਾਸ ਵਿਚ ਹੈ ਕਿ ਇਹ ਜਿਉਂਦੇ ਹਨ।

ਉਪਰਲੀ ਚੋਟੀਓਂ ਕਾਫ਼ੀ ਹਿਠਾਂਹ ਉਤਰਕੇ ਜਦੋਂ ਥੱਲੇ ਵਲ ਝਾਤ ਮਾਰੀ ਤਾਂ ਅਜੇ ਮੰਡੀ-ਮਨਾਲੀ ਮੇਨ ਸੜਕ ਕਾਫ਼ੀ ਦੂਰ ਸੀ। ਛਤਰੀਆਂ ਤਿੰਨਾਂ ਪਾਸ ਸਨ ਕਿਉਂਕਿ ਰਾਤੀਂ ਬਰਸਾਤ ਇਕ ਚੰਗਾ ਛੱਟ ਲਾ ਗਈ ਸੀ। ਡਰ ਸੀ ਕਿਤੇ ਰਾਹ ਵਿਚ ਵਰਖਾ ਨਾ ਆਣ ਦੱਬੇ।

ਮੌਲੂ ਉਤਰਕੇ ਅਪਣੀ ਤੇਹ ਅਸਾਂ ਇਕ ਬਣਦੀ ਫਬਦੀ ਪਹਾੜਨ ਤੋਂ ਗੜਵੀਆਂ ਭਰ ਭਰ ਪਾਣੀ ਪੀ ਕੇ ਬੁਝਾਈ ਅਤੇ ਰਾਹ ਪੁਛਦੇ ਪੁਛਾਂਦੇ ਕੱਚੇ ਰਾਹ ਹੀ ਭੂੰਥਰ ਨੂੰ ਹੋ ਤੁਰੇ—ਮੇਨ ਸੜਕ ਦੀ ਬੱਸਾਂ-ਟ੍ਰਕਾਂ ਦੀ ਆਵਾਜਾਈ ਦੀ ਭਰਮਾਰ ਤੋਂ ਸ਼ਾਂਤ ਇਕਾਂਤ ਰਾਹ ਚੁਣਿਆਂ ਰਸਤੇ ਵਿਚ 'ਸਹੇਲ', 'ਸਿਰੀ ਭੇਡ' ਅਤੇ "ਤੇਗੂ ਬੇਡ" ਪਾਸੋਂ ਲੰਘ ਕੇ ੩.੩੫ ਵਜੇ ਘਰ ਆਕੇ ਦੁਪਹਿਰ ਦਾ ਲੰਗਰ ਛਕਿਆ।

... ...

ਮੁੜ ਮਨਾਲੀ

ਅਗਲੇ ਦਿਨ ਮਨਾਲੀ ਵਾਸਤੇ ਭੂੰਤਰੋਂ ਚਲੇ ਸ਼ਾਮੀਂ ੪ ਵਜੇ। ੬.੧੫ ਵਜੇ ਮਨਾਲੀ ਜਾ ਪੁਜੇ। ਕੁਲੂ, ਰਾਇਸਿਨ ਡੋਭੀ, ਕਟਰਾਈਂ ਰਾਹ ਦੇ ਸ਼ਹਿਰ ਤੇ ਪਹਾੜੀ ਕਸਬੇ ਸਨ। ਮਨਾਲੀ ਉਤਰਦਿਆਂ ਹੀ ਜਥੇਦਾਰ ਨਾਹਰ ਸਿੰਘ ਲੁਧਿਆਣਾ ਦਾ ਵੱਡਾ ਸੰਬੰਧੀ ਮੋਹਣ ਸਿੰਘ ਮਿਲਿਆ। ਝੁਕਿਆ। ਜਾਪਿਆ ਕੋਈ ਨਾਮਧਾਰੀ ਹੈ। ਪਰਸਪਰ ਜਾਣ ਪਛਾਣ ਹੋਈ। ਉਹ ਸਾਨੂੰ ਸ਼ਕਲੋਂ ਕਿਸੇ ਨੂੰ ਨਹੀਂ ਸੀ ਜਾਣਦਾ। ਉਂਜ ਉਸਨੇ ਸਾਡੇ ਚੋਂ ਦੁਹ ਦੇ ਨਾਮ ਸੁਣੇ ਹੋਏ ਸਨ। ਉਸਨੇ ਸਾਨੂੰ ਸਵੇਰ ਦੇ ਰੁਹਤਾਂਗ ਵਲ ਦੇ ਸਫਰ ਲਈ ਸੀਟਾਂ ਬੁਕ ਕਰਵਾ ਦਿਤੀਆਂ ਅਤੇ ਨੇੜੇ ਹੀ ਇਕ ਗੁਰਦੁਆਰੇ ਵਿਚ ਰਿਹਾਇਸ਼ ਦ ਪ੍ਰਬੰਧ ਕਰ ਦਿਤਾ। ਇਹ ਗੁਰਦੁਆਰਾ ਏਥੋਂ ਦੇ ਸਿੱਖਾਂ ਦੇ ਉਦਮ ਨਾਲ ਅਜੇ ਤਿਆਰ ਹੀ ਹੋ ਰਿਹਾ ਹੈ।

ਗ੍ਰੰਥੀ ਜਾਂ ਸੇਵਾਦਾਰ ਭਾਈ ਪ੍ਰੀਤਮ ਸਿੰਘ ਬੜੀ ਹਲੀਮੀ ਅਤੇ ਪ੍ਰੇਮ ਨਾਲ ਮਿਲਿਆ। ਰਾਤ ਰਹਿਣ ਲਈ ਉਸਨੇ ਰਜ਼ਾਈਆਂ ਤੁਲਾਈਆਂ ਤੇ ਇਕ ਕਮਰਾ ਦਿਤਾ। ਆਪ ਲੰਗਰ ਪਕਾਕੇ ਛਕਾਇਆ। ਇਸ ਥਾਂ ਹੋਰ ਵੀ ਹਿੰਦੂ ਸਿੱਖ ਰਿਹਾਇਸ਼ ਰਖ ਰਹੇ ਸਨ। ਇਕ ਰਜਿਸਟਰ ਤੇ ਰਹਿਣ ਵਾਲੇ ਲੋਕਾਂ ਦੇ ਨਾਮ ਗਾਮ ਲਿਖੇ ਜਾਂਦੇ ਹਨ। ਅਤੇ ਬਿਲਡਿੰਗ ਫੰਡ ਲਈ ਕੁਛ ਸਹਾਇਤਾ ਲਈ ਜਾਂਦੀ ਹੈ। ਲੰਗਰ ਕੇਵਲ ਸਾਡੇ ਲਈ ਪਕਾ। ਇਹ ਉਦਮ ਤਾਰੀਫ਼ਯੋਗ ਸੀ। ਪ੍ਰੀਤਮ ਸਿੰਘ, ਸੰਤ ਸਿੰਘ, ਜਵਾਲਾ ਸਿੰਘ ਹੁਰਾਂ ਦਾ ਸੇਵਕ ਹੈ। ਈਮਾਨਦਾਰੀ ਨਾਲ ਸੇਵਾ ਕਰ ਰਿਹਾ ਹੈ। ਕਮੇਟੀ ਵਾਲੇ ਇਸਨੂੰ ਬਿਹੰਗਮ ਜਾਣ ਕੇਵਲ ੨੦੦/- ਮਹੀਨਾ ਦੇ ਰਹੇ ਹਨ।

ਮਨਾਲੀ ਕੋਠੀ

ਅਸੀਂ ਰਾਤ ਰਿਹਾਇਸ਼ ਦਾ ਪ੍ਰਬੰਧ ਕਰਕੇ ਸ੍ਰੀ ਸਤਿਗੁਰੂ ਜੀ ਦੀ ਕੋਠੀ ਵੇਖਣ ਗਏ। ਕੋਠੀ-ਰਾਖੇ ਸ੍ਰੀ ਜੈ ਸਿੰਘ ਲਾਹੁਲੇ ਨੇ ਖਿੜੇ ਮਥੇ ਸਾਡਾ ਸੁਆਗਤ ਕੀਤਾ ਅਤੇ ਪ੍ਰੇਮ ਨਾਲ ਕੋਠੀ ਦੇ ਸਾਰੇ ਕਮਰੇ ਵਿਖਾਏ ਅਤੇ ਆਗ੍ਰਹਿ ਕੀਤਾ ਕਿ ਰਾਤ 'ਆਪਣੇ ਹੀ ਘਰ ਰਹੀਏ।'

ਏਥੇ ਅਗੇ ਸੰਤ ਆਤਮਾ ਸਿੰਘ ਮਸਤਾਨਾ ਏਅਰੋ ਪਲੇਨ ਕੁਝ ਹੋਰ ਇਸਤਰੀ ਮਰਦਾਂ ਨਾਲ ਪਨਾਹ ਲੈ ਰਿਹਾ ਸੀ। ਦੱਸਿਓ ਸੁ : ਗੱਡੀ ਖਰਾਬ ਹੋ ਗਈ ਹੈ। ਜੈ ਸਿੰਘ ਦਾ ਕਹਿਣਾ ਸੀ : ਮੰਡਿਓਂ ਫੋਨ ਆਇਆ ਹੈ ਕਿ ਕੋਈ ਸੱਜਣ ਬੰਬਈ ਤੋਂ ਏਥੇ ਰਿਹਾਇਸ਼ ਲਈ ਆ ਰਹੇ ਹਨ। ਕਾਫ਼ੀ ਰਾਤ

Sri Satguru Jagjit Singh Ji Elibrary NamdhariElibrary@gmail.com

ਗਏ ਅਸੀਂ ਗੁਰਦੁਆਰੇ ਪਰਤੇ।

ਇਸੇ ਮਹੀਨੇ ਪਹਿਲਾਂ ਜਦੋਂ ਸ੍ਰੀ ਸਤਿਗੁਰੂ ਜੀ ਨਾਲ ਮਨਾਲੀ ਆਇਆ ਸਾਂ ਤਾਂ ਬਾਜ਼ਾਰ ਵਿਚ ਦੇਸੀ ਤੇ ਲੋਕਲ ਆਦਮੀ ਹੀ ਆਮ ਨਜ਼ਰ ਪੈਂਦੇ ਸਨ ਪਰ ਅੱਜ ਦੇਸੀ ਵਿਦੇਸੀ ਟੂਰਿਸਟਾਂ ਦੀ ਕਾਰ ਤੇ ਕਾਰ ਅਤੇ ਬੱਸ ਤੇ ਬੱਸ ਆਉਂਦੀ ਰਹੀ। ਮਨਾਲੀ ਦਾ ਬਾਜ਼ਾਰ ਅਤੇ ਚੌਕਾਂ ਵਿਚ ਅਮੀਰ ਭੀੜਾਂ ਨਜ਼ਰ ਪੈਂਦੀਆਂ।

ਮੜ੍ਹੀਓਂ ਉਰੇ ਮੁਕਾਮ ਨਾ ਕੋਈ

ਅਗਲੀ ਸਵੇਰ ਬਰਸਾਤ ਹੋਣ ਨੂੰ ਉਤਾਵਲੀ ਸੀ ਕਿ ਅਸੀਂ ਨਿਕੀ ਨਿਕੀ ਕਣੀ ਵਿਚ ਸਵੇਰੇ ੫.੩੦ ਦੀ ਬੱਸ ਫੜ ਲਈ। ਇਹ ਕੇਵਲ ਮੜ੍ਹੀ ਤਕ ਜਾਣੀ ਸੀ ਅਤੇ ਇਕ ਸਵਾਰੀ ਦੇ ੪-੪ ਰੁਪਏ ਲਗਣੇ ਸਨ। ਟੂਰਿਸਟ ਬੱਸਾਂ ਤੇ ਏਨੇ ਸਫਰ ਦੇ ਹੀ ੩੦ ਤੋਂ ੪੦ ਫੀ ਸਵਾਰੀ ਲਗਦੇ ਹਨ।

ਸਵੇਰੇ ੫.੩੦ ਦੇ ਚਲੇ ਹੋਏ ੭.੩੦ ਤਕ ਮੜ੍ਹੀ ਪਹੁੰਚ ਗਏ। ਠੰਢ, ਉਚਾਈ, ਬਰਫ ਅਤੇ ਤੇਜ਼ ਹਵਾ ਦੇ ਅਨੁਭਵ ਕੀਤੇ। ਅਤੇ ਪ੍ਰਤੀਤ ਕੀਤਾ ਕਿ ਇਹ ਜਗਹ ਬਹੁਤ ਲੋਕਾਂ ਲਈ ਮੜ੍ਹੀ ਹੀ ਹੋਵੇਗੀ, ਕਿਤੇ ਬੰਦਾ ਬਰਸਾਤ ਜਾਂ ਬਰਫਬਾਰੀ ਵਿਚ ਘਿਰ ਜਾਵੇ ਤਾਂ ਬਚਾਉਣ ਦਾ ਕੋਈ ਸਾਧਨ ਨਹੀਂ।

ਮੜ੍ਹੀਓਂ ਅਗੇ ਬੱਸਾਂ ਲਈ ਰਾਹ ਨਹੀਂ, ਜੀਪਾਂ ਕਾਰਾਂ ਆ ਜਾ ਸਕਦੀਆਂ ਹਨ। ਉਚਾਈ ਅੰਦਾਜ਼ਨ...ਹੋਵੇਗੀ। ਰੁਹਤਾਂਗ ਦਰਾ ਅਜੇ ਕਾਫ਼ੀ ਦੂਰ ਸੀ...ਕਿਲੋਮੀਟਰ। ਅਗੇ ਗਏ ਲੋਕਾਂ ਲਈ ਇਹੋ ਬੱਸ ਮਦਦ ਕਰਦੀ ਸੀ, ਹੋਰ ਕਿਸੇ ਨਹੀਂ ਸੀ ਆਉਣਾ ਜਾਣਾ। ਸੋ ੮.੩੦ ਵਜੇ ਹੀ ਇਸੇ ਬੱਸ ਦੁਆਰਾ ਵਾਪਸੀ ਕਰਕੇ ੧੧ ਵਜੇ ਮਨਾਲੀ ਆ ਪਹੁੰਚੇ।

ਸੋਚਵੀਂ ਮੁਲਾਕਾਤ

੧੧.੩੦ ਤਕ ਅਸਾਂ ਮਨਾਲੀ ਵੀ ਛੱਡ ਦਿਤੀ। ਕੁੱਲੂ ਵਲ ਆਉਂਦੀ ਬਸ ਫੜੀ। ਰਾਹ ਵਿਚਲੇ ਮੋਹਕ ਇਲਾਕਿਆਂ ਨੂੰ ਵੇਖਦਿਆਂ ਸ਼ਹਿਰ ਕੁਲੂ ਆਣ ਉਤਰੇ। ੩ ਕਿਲੋਮੀਟਰ ਪੈਦਲ ਚਲਕੇ ਜਾਂ ਮੇਨ-ਸੜਕ ਤੇ ਆ ਭੂੰਤਰ ਲਈ ਬਸ ਫੜਨ ਲਗੇ ਤਾਂ ਮੈਨੂੰ ਇਕ ਨੀਲ-ਧਾਰੀ ਸੱਜਣ ਸ੍ਰੀ ਤੇਜਾ ਸਿੰਘ ਭੂੰਤਰ ਨੇ ਰੋਕ ਲਿਆ: "ਤੁਹਾਨੂੰ ਮੈਂ ਸਕੂਟਰ ਤੇ ਨਾਲ ਲੈ ਜਾਵਾਂਗਾ। ਤੁਹਾਡੇ ਸਾਥੀ ਬੱਸ ਤੇ ਆ ਜਾਣਗੇ।

ਸ੍ਰੀ ਤੇਜਾ ਸਿੰਘ ਇਕ ਬਿਰਧ ਨੀਲਧਾਰੀ ਨੂੰ ਇਕ ਮੀਲ ਅਗੇ ਛਡਕੇ ਫੇਰ ਮੈਨੂੰ ਨਾਲ ਲੈ ਤੁਰੇ। ਉਨ੍ਹਾਂ ਗੱਲ ਸ਼ੁਰੂ ਕੀਤੀ: ਤੁਹਾਡਾ ਕੇਹਰ ਸਿੰਘ ਬੜਾ ਪ੍ਰੇਮ ਕਰਦਾ ਹੈ ਅਤੇ ਕਹਿੰਦਾ ਹੈ ਕਿਸੇ ਤਰ੍ਹਾਂ ਸਾਨੂੰ ਆਪਸ ਵਿਚ ਇਕੱਠੇ ਹੋ ਜਾਣਾ ਚਾਹੀਦਾ ਹੈ। ਉਹ ਕਹਿੰਦਾ ਸੀ ਕਿ ਉਹ ਸਤਿਗੁਰਾਂ ਪਾਸ ਅਰਜ਼ ਕਰੇਗਾਂ। ਪਰ ਸਤਿਗੁਰਾਂ ਪਾਸ ਕੁਛ ਐਸੇ ਸੱਜਣ ਹਨ ਜੋ ਸਾਨੂੰ ਮਿਲਣ ਨਹੀਂ ਦਿੰਦੇ।

ਮੈਂ ਉਨ੍ਹਾਂ ਨੂੰ ਸਮਝਾਇਆ ਕਿ ਸਤਿਗੁਰੂ ਸਭ ਦੀ ਸੁਣਦੇ ਤੇ ਸਮਝਦੇ ਹਨ ਅਤੇ ਫੈਸਲਾ ਆਪ ਲੈਂਦੇ ਹਨ। ਉਹਨਾਂ ਦੀ ਸਮਝ ਤਕ ਹਾਰੀ ਸਾਰੀ ਨਹੀਂ ਪਹੁੰਚ ਸਕਦਾ। ਜੇ ਨਾਮਧਾਰੀਆਂ ਨਾਲ ਭਾਈਵਾਲ ਦੇ ਤੌਰ ਤੇ ਗੱਲ ਕਰਨੀ ਹੋਵੇ ਤਾਂ ਸ਼ਰਤਨਾਮੇ ਦੀ ਲੋੜ ਪੈਂਦੀ ਹੈ। ਅਤੇ ਇਹ ਸ਼ਰਤਨਾਮਾ ਨਹੀਂ ਚਲੇਗਾ। ਜੇ ਸਤਿਗੁਰੂ ਪਾਸ ਜਾਣਾ ਹੋਵੇ ਤਾਂ ਸਮਰਪਣ ਦੀ ਭਾਵਨਾ ਪਹਿਲੀ ਗੱਲ ਹੁੰਦੀ ਹੈ। ਸਤਿਗੁਰੂ ਦੇ ਸਿੱਖ ਬਣਨ ਲਈ; ਉਹਦੇ ਨਾਲ ਮਾਨਸਿਕ ਸਾਂਝ ਸਥਾਪਤ ਕਰਨ ਲਈ ਤਾਂ 'ਸਮਰਪਣ' ਹੀ ਮਦਦਗਾਰ ਹੋ ਸਕਦਾ ਹੈ। ਤੇਜਾ ਸਿੰਘ ਹੁਰਾਂ ਏਸ ਗੱਲ ਨੂੰ ਸਵੀਕਾਰਿਆ। ਉਧਰੋਂ ਭੂੰਤਰ ਆ ਗਿਆ।

... ...

ਬੁਧ-ਮੰਦਰ ਵਿਚ

੨੮ ਮਈ ਨੂੰ ਰਾਮਪੁਰ (ਬੁਢੀ ਮਾੜੀ) ਵਾਲੇ ਸੱਜਣ ਤਾਂ ਹਰਿਆਣੇ ਨੂੰ ਧਾਈਆਂ ਕਰ ਗਏ। ਮੈਂ ਆਵਾਰਗੀ ਲਈ ਅੱਜ ਇਕੱਲਾ ਸਾਂ। ਦੁਪਹਿਰ ਦੇ ਸਮੇਂ ਭੂੰਤਰ ਦੇ ਹੀ ਇਕ ਬੁਧ ਵਿਹਾਰ ਵਿਚ ਪਹੁੰਚ ਗਿਆ। ਇਹ ਮੇਨ ਬਾਜ਼ਾਰ ਦੇ ਪਿਛਵਾੜੇ ਜ਼ਰਾ ਉਚੇਰੀ ਜਗਹ ਤੇ ਹੈ। ਜਿਉਂ ਹੀ ਮੈਂ ਮੰਦਰ ਵਿਹੜੇ ਵਿਚ ਪਰਵੇਸ਼ ਕੀਤਾ ਮੈਨੂੰ ਬੋਧ ਸਾਧੂਆਂ ਦੁਆਰਾ ਪੜੇ ਜਾਂਦੇ ਮੰਤਰਾਂ ਦੀ ਧੁਨ ਸੁਣਾਈ ਦਿਤੀ। ਮੁੱਖ ਮੰਦਰ ਦੀ ਦਹਿਲੀਜ ਕੋਲ ਗਿਆ ਤਾਂ ਵੇਖਿਆ ਅੰਦਰ ੧੪ ਜਣੇ ਬੁਧ-ਗ੍ਰੰਥਾਂ ਦਾ ਪਾਠ ਕਰ ਰਹੇ ਸਨ। ਦੋ ਪਾਠੀ ਤਾਂ ਉਕਾ ਅਨਦਾੜੀਏ ਬੱਚੇ ਸਨ। ਲਾਲ ਗੇਰੂਏ ਬਸਤਰਾਂ ਵਾਲੇ ਘੋਨ ਮੋਨ ਸਾਧੂ ਅਨੁਸ਼ਤਾਨ ਕਰ ਰਹੇ ਸਨ—ਅਰਥਾਤ ਇਕ ਤਰ੍ਹਾਂ ਦਾ ਅਖੰਡ ਪਾਠ ਹੀ ਕਰ ਰਹੇ ਸਨ।

ਇਹਨਾਂ ਦੀਆਂ ਪਾਠ ਕਰਨ ਵਾਲੀਆਂ ਪੋਥੀਆਂ ਪੌਣੇ ਪੌਣੇ ਗਜ਼ ਦੇ ਚੱਪਾ ਭਰ ਪੱਤਰਿਆਂ ਦਾ ਸਮੂਹ ਸਨ ਜਿਸ ਉਤੇ ਪਾਲੀ ਜਾਂ ਤਿਬਤਨ ਲਿਪੀ ਨਾਲ ਹੀ ਉਸੇ ਬੋਲੀ ਵਿਚ ਸਲੋਕ ਅੰਕਤ ਸਨ। ਅਜਿਹੇ ਹੋਰ ਵੀ ਧਰਮ ਗ੍ਰੰਥ ਦੂਹਰੇ ਤੀਹਰੇ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰ ਹਥ ਬੰਨ ਖੜੇ ਪਰਮ ਆਗਿਆਕਾਰੀ ਸ: ਹਰਭਜਨ ਸਿੰਘ ਔਰੰਗਾਬਾਦ। ਪਿਛੇ ਸੰਪਾਦਕ ਵਰਿਆਮ।

ਸੁੰਦਰ ਰੁਮਾਲਾਂ ਵਿਚ ਸਸ਼ੋਭਤ ਸਨ : ਇਥੇ ਹਰੇਕ ਦੇ ਅਗੇ ਚੌਕੀਆਂ ਉਤੇ ਧਰੇ ਪਿਤਲ ਦੇ ਸਾਫ਼ ਸੁੰਦਰ ਦੀਵੇ ਘਿਉ-ਜੋਤਾਂ ਨਾਲ ਜਗ ਰਹੇ ਸਨ ਅਤੇ ਹਰੇਕ ਦੇ ਨਾਲ ਇਕ ਸਾਫ਼ ਸੁਥਰੀ ਜਲ-ਕੌਲੀ ਵੀ ਸੀ। ਦੈਵੀ ਦ੍ਰਿਸ਼ ਉਪਸਥਿਤ ਸੀ।

ਭਗਵਾਨ ਬੁੱਧ ਦੀ ਅਸਲ ਨਾਲੋਂ ੫-੭ ਗੁਣਾਂ ਵੱਡੀ ਇਕ ਮੂਰਤੀ ਅਤੇ ਹੋਰ ਦੇਵਤਿਆਂ ਜਾਂ ਬੁੱਧ ਭਗਵਾਨ ਦੀਆਂ ਵੱਖ ਵੱਖ ਮੁਦਰਾਵਾਂ ਵਿਚ ਚਮਕਦੀਆਂ ਪਿੱਤਲ ਦੀਆਂ ਮੂਰਤੀਆਂ ਵੀ ਅਲਮਾਰੀਆਂ ਵਿਚ ਸੁਭਾਇਮਾਨ ਸਨ।

ਪਾਠ ਮਗਨ ਬੋਧਾਂ ਬਿਨਾਂ ਓਥੇ ਹੋਰ ਕੋਈ ਸੇਵਾਦਾਰ ਜਾਂ ਸਾਧੂ ਨਾ ਮਿਲਣ ਕਰਕੇ ਹੋਰ ਕੁਛ ਪੁਛ ਗਿਛ ਨਹੀਂ ਹੋ ਸਕੀ।

ਉਂਜ ਭੁੰਤਰ, ਕੁਲੂ ਤੇ ਮਨਾਲੀ ਵਿਚ ਵੇਖਿਆ ਹੈ ਕਿ ਲਾਮੇ ਅਤੇ ਲਾਹੁਲੀਏ, ਇਹਨਾਂ ਵਿਚ ਤਿੱਬਤੀ ਸ਼ਰਨਾਰਥੀ ਵੀ ਹੋ ਸਕਦੇ ਹਨ, ਕਰੀਬ ਕਰੀਬ ਸਾਰੇ ਹੀ, ਚੰਗੀ ਆਰਥਕ ਸਥਿਤੀ ਵਿਚ ਹਨ। ਇਹ ਆਮ ਪਹਾੜੀਆਂ ਵਾਂਗ ਕਠਿਨ ਜੀਵਨ ਨਹੀਂ ਜਿਉਂਦੇ। ਇਹਨਾਂ ਦੇ ਆਕਾਰ ਪਰਕਾਰ ਅਤੇ ਪਹਿਰਾਵੇ ਸੁੰਦਰ ਕਪੜਿਆ ਦੇ ਅਤੇ ਜਚਵੇਂ ਹੁੰਦੇ ਹਨ।

ਈਸਾਈ ਮਿੱਤਰ

ਭੁੰਤਰ ਨਿਵਾਸ ਸਮੇਂ ਈਸਾਈ ਮਿਸ਼ਨਰੀਆਂ ਵਲੋਂ ਚਲਾਈ ਜਾਂਦੀ ਇਕ ਕ੍ਰਿਸ਼ਚੀਅਨ ਲਾਇਬਰੇਰੀ ਵੀ ਵੇਖੀ। ਈਸਾਈ ਵੀ ਇਸ ਇਲਾਕੇ ਵਿਚ ਪਰਚਾਰ ਪਰਸਾਰ ਵਿਚ ਜੁਟੇ ਹੋਏ ਹਨ। ਯਸੂ-ਵਾਕਾਂ ਦੇ ਛੋਟੇ ਛੋਟੇ ਪੈਂਫਲਿਟ ਇਹ ਲੋਕ ਵੰਡਦੇ ਰਹਿੰਦੇ ਹਨ। ਏਥੋਂ ਦਾ ਮੁਖੀ ਸ੍ਰੀ ਪਰਮ ਜਿਓਤੀ ਸੱਤਿਆ ਨਾਥਨ ਇਕ ਮਦਰਾਸੀ ਸੱਜਣ ਹੈ। ਇਹ ਜੋੜਾ ਵੀ ਮੇਰੇ ਮੁਹੱਬਤੀਆਂ ਵਿਚੋਂ ਹੈ। ਵਿਚਾਰ ਚਰਚਾ ਚਲਦੀ ਰਹੀ ਹੈ। ਜੁਆਨ ਜੋੜੇ ਘਰ, ੮ ਸਾਲ ਹੋ ਵਿਆਹੇ ਹੋਣ ਤੇ ਬਾਲ

Sri Satguru Jagjit Singh Ji Elibrary NamdhariElibrary@gmail.com

ਨਹੀਂ ਹੋਇਆ।

... ...

ਮੁਲਾਕਾਤ ਨੀਲਧਾਰੀ ਆਗੂ ਨਾਲ

੨੯-੫-੭੮ ਨੂੰ ਸ੍ਰੀ ਕੇਹਰ ਸਿੰਘ ਹਮਰਾਹੀ ਦੇ ਉੱਦਮ ਨਾਲ ਸੰਤ ਹਰਨਾਮ ਸਿੰਘ ਜੀ ਕਿਲੇ ਵਾਲਿਆਂ ਦੇ ਪ੍ਰਮੁਖ ਰਾਗੀ ਸੰਤ ਕਰਮ ਸਿੰਘ ਨੀਲਧਾਰੀ ਨਾਲ ਮਿਲਣ ਦਾ ਪ੍ਰੋਗਰਾਮ ਬਣ ਗਿਆ। ਕਰਮ ਸਿੰਘ ਜੀ ਸਾਡੇ ਘਰ ਦੇ ਨੇੜੇ ਦੀ ਇਕ ਦੁਕਾਨ ਤੇ ਕੁਛ ਛਕ ਛਕਾ ਰਹੇ ਸਨ। ਮੈਂ ਵੀ ਹਮਰਾਹੀ ਦੇ ਨਾਲ ਉਸੇ ਥਾਂ ਪਹੁੰਚ ਗਿਆ। ਇਹ ਆਪਣਾ ਪੀਣ ਖਾਣ ਵਿਚੇ ਛੱਡ ਕੇ ਅੱਗੋਂ ਆਣ ਕੇ ਮਿਲੇ। ਚੌੜਾ ਚਕਲਾ ਸਰੀਰ, ਕਰੜ ਬਰੜਾ ਫੈਲਵਾਂ ਦਾੜ੍ਹਾ, ਸਿਰ ਤੇ ਨੀਲਾ ਸਾਫਾ, ਲੱਕ ਬੱਧਾ ਨੀਲਾ ਪਟਕਾ, ਰੰਗਦਾਰ ਕਪੜਿਆਂ ਵਿਚ ਮਲਬੂਸ ਪੈਰੀਂ ਹੱਥ ਲਾਣ ਤਕ ਝੁਕਿਆਂ ਨੂੰ ਮੈਂ ਬਾਹੋਂ ਫੜ ਉਹਨਾਂ ਨਾਲ ਨਮਸਕਾਰ ਵਟਾਈ। ਅਸਾਂ ਆਖਿਆ : ਛਕ ਛਕਾ ਕੇ ਅਹਿ ਨਾਲ ਦੇ ਮਕਾਨ ਵਿਚ ਆ ਜਾਣਾ।

੧੫ ਮਿੰਟ ਬਾਅਦ ਉਹ ਆਏ। ਕਰਮ ਸਿੰਘ ਜੀ ਨਾਲ ਉਹਨਾਂ ਦਾ ਜਾਂ ਸਮੁਚੇ ਗਰੁਪ ਦਾ ਲਾਂਗਰੀ ਭਾਈ ਦਲੀਪ ਸਿੰਘ ਵੀ ਸੀ। ਉਮਰੋਂ ਦੋਵੇਂ ਹਾਣ ਪਰਮਾਣ। ਇਕ ਵਾਰ ਫਿਰ ਝੁਕ ਕੇ ਸਤਿਕਾਰ ਵਟਾਂਦਰਾ।

ਕਰਮ ਸਿੰਘ ਹੁਰਾਂ ਗੱਲ ਤੋਰੀ : ਪਤਾ ਲਗਾ ਹੈ ਤੁਸੀਂ ਕੋਈ ਪੁਸਤਕ ਲਿਖ ਰਹੇ ਹੋ ?

"ਜੀ ਹਾਂ, ਲਿਖ ਰਿਹਾ ਹਾਂ !"

"ਕੀ ਲਿਖ ਰਹੇ ਓ ?"

"ਨਾਮਧਾਰੀ ਵਿਸ਼ੇਸ਼ ਇਸਤਰੀਆਂ ਦੇ ਜੀਵਨ ਹਨ।

"ਬਹੁਤ ਚੰਗਾ। ਪਰ ਅਜੇ ਤਕ ਸਾਹਿਬਾਂ ਦੇ ਉਹ ਬਚਨ ਲਿਖੇ ਹੋਏ ਨਹੀਂ ਮਿਲਦੇ ਜੁ ਸੰਤ ਜੀ ਮਹਾਰਾਜ ਸੁਣਾਇਆ ਕਰਦੇ ਹਨ। ਮੈਂ ਮਾਲਵੇਂਦਰ ਪੜ੍ਹਿਆ ਹੈ, ਪਸੰਦ ਨਹੀਂ। ਨਾ ਕਵਿਤਾ ਵਲੋਂ ਨਾ ਤੱਤ ਵਲੋਂ। ਇਹ ਮੇਰੀ ਨਿੱਜੀ ਰਾਇ ਹੈ ਹੋਰ ਲੋਕਾਂ ਨੂੰ ਖਉਰੇ ਬਹੁਤ ਜਚਦਾ ਹੋਵੇ। ਹਾਂ ਸੰਤ ਧਿਆਨ ਸਿੰਘ ਜੀ ਦਾ "ਸਤਿਗੁਰੂ ਬਿਲਾਸ" ਬਹੁਤ ਚੰਗਾ ਲਗਾ ਹੈ। ਕਵਿਤਾ ਵਲੋਂ ਵੀ ਤੇ ਵਿਸ਼ੇ ਪਖੋਂ ਵੀ।

ਮੈਂ ਕਿਹਾ : ਤੁਸੀਂ ਗੱਲਾਂ ਦਾ ਵਿਸਥਾਰ ਭਾਲਦੇ ਹੋ। ਇਹ ਨਹੀਂ ਇਹਨਾਂ ਪੁਸਤਕਾਂ ਵਿਚੋਂ ਲੱਭਣਾ। ਹੁਣ ਤਕ ਨਾਮਧਾਰੀਆਂ ਨੇ ਮੁਸ਼ਕਲਾਂ ਤੇ ਮੁਸੀਬਤਾਂ ਹੀ ਝਲੀਆਂ ਹਨ। ਜੋ ਲਿਖਿਆ ਗਿਆ ਹੈ ਉਹ ਰਾਜਨੀਤਕ ਜੀਵਨ ਨਾਲ ਹੀ ਸੰਬੰਧਤ ਹੈ। ਧਾਰਮਿਕ ਸਮਾਜੀ ਤੇ ਨਿਜੀ ਚਰਿਤਰ ਬਹੁਤ ਘੱਟ ਛੋਹੇ ਗਏ ਹਨ। ਹਾਂ, ਤੁਹਾਡਾ ਘਰ ਪੂਰਨ ਲਈ ਸੰਤ ਤਰਨ ਸਿੰਘ "ਵਹਿਮੀ" ਦਾ "ਜੱਸ ਜੀਵਨ" ਹੈ। ਉਸ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੀਵਨ ਲਿਖਿਆ ਹੈ। ਹੈ ਉਹ ਵੀ ਸੰਖੇਪ ਪਰ ਉਸ ਵਿਚ ਆਪ ਦੀ ਲੋੜ ਦੇ "ਬਚਨ" ਜ਼ਰੂਰ ਹਨ।

ਥੋੜਾ ਰੁਕ ਕੇ ਮੈਂ ਪਹਿਲ ਕੀਤੀ : ਹਮਰਾਹੀ ਜੀ ਨੇ ਦਸਿਆ ਹੈ ਕਿ ਆਪ ਸਭ ਸਤਿਗੁਰਾਂ ਦੇ ਚਰਨਾਂ ਵਿਚ ਆਉਣਾ ਚਾਹੁੰਦੇ ਹੋ ?

"ਹਾਂ ਜੀ, ਮੈਂ ਤਾਂ ਬਹੁਤ ਚਿਰ ਤੋਂ ਚਾਹੁੰਦਾ ਸਾਂ ਪਈ ਕੋਈ ਢੰਗ ਨਿਕਲੇ ਜਿਸ ਨਾਲ ਅਸੀਂ ਵੀ ਸਾਹਿਬਾਂ ਨੂੰ ਮੱਥਾ ਟੇਕ ਸਕੀਏ, ਦਰਸ਼ਨ ਕਰ ਸਕੀਏ।"

"ਸਤਿਗੁਰੂ ਜਗਜੀਤ ਸਿੰਘ ਜੀ ਤਾਂ ਬੜੇ ਉਦਾਰ ਹਨ ਅਤੇ ਉਹ ਗੱਦੀ ਤੇ ਬੈਠਦਿਆਂ ਹੀ ਉਨ੍ਹਾਂ ਦੀ ਅਰਜ ਕਰਨ ਤੇ ਨੁਸ਼ਹਿਰੇ ਵੀ ਗਏ ਸਨ ਤਾਕਿ ਵਿਛੜਿਆ ਸਮਾਜ ਨੇੜੇ ਹੋ ਸਕੇ।"

ਹਮਰਾਜੀ ਨੇ ਜੋੜਿਆ : ਉਹਨਾਂ ਤਾਂ ਮਹਾਰਾਜ ਨਿਹਾਲ ਸਿੰਘ ਪਰਵਾਰ ਨਾਲ ਵੀ ਏਕਤਾ ਸਥਾਪਤ ਕਰ ਲਈ ਹੈ। ਹੁਣ ਦੋਵੇਂ ਪਰਵਾਰ ਇਕਮਿਕ ਹਨ।

ਕਰਮ ਸਿੰਘ ਜੀ : ਇਹ ਮੈਨੂੰ ਪਤਾ ਹੈ ਮਹਾਰਾਜ (ਸਤਿਗੁਰੂ) ਬੜੇ ਵਿਸ਼ਾਲ ਦਿਲ ਹਨ। ਜਦੋਂ ਵੀ ਨੁਸ਼ਹਿਰੇ ਆਪਣੇ ਸੇਵਕ ਕੋਲ ਗਏ ਹਨ ਮੇਰੀ ਬੇਨਤੀ ਤੇ ਮੇਰੇ ਘਰ ਵੀ ਚਰਨ ਪਾਉਨ ਦੀ ਕ੍ਰਿਪਾ ਕੀਤੀ ਨੇ। ਇਕ ਵਾਰ ਮੰਡੀ ਵਿਖੇ ਮੈਨੂੰ ਦਰਸ਼ਨਾਂ ਨੂੰ ਦੇਰ ਹੋ ਗਈ, ਸਾਹਿਬਾਂ ਮੁੜ ਆਕੇ ਦਰਸ਼ਨ ਦੇ ਕੇ ਨਿਵਾਜਿਆ।

ਲੇਖਕ : ਤਾਂ ਤੁਸੀਂ ਉਹਨਾਂ ਦੇ ਪਹਿਲਾਂ ਤੋਂ ਹੀ ਕ੍ਰਿਪਾਪਾਤ੍ਰ ਹੋ। ਤੁਸੀਂ ਤਾਂ 'ਮਿਲਬੇ ਕੀ ਮਹਿਮਾ' ਅੱਛੀ ਤਰ੍ਹਾਂ ਪਹਿਚਾਣਦੇ ਹੋ। ਪਰ ਸਤਿਗੁਰੂ ਜੀ ਪਾਸ ਜੇ ਸ਼ਿੱਸ ਬਣਕੇ ਜਾਣਾ ਹੋਵੇ ਤਾਂ ਸਮਰਪਣ ਦੀ ਭਾਵਨਾ ਜ਼ਰੂਰੀ ਹੈ। ਸ਼ਰਤਨਾਮੇ ਮਿਲਣੀ ਵਿਚ ਰੋੜਾ ਅਟਕਾਂਦੇ ਹਨ। ਤੁਸੀਂ ਨੀਲ ਪਹਿਨਦੇ ਹੋ। ਸਤਿਗੁਰੂ ਨੀਲੋਂ ਹਟਕਦੇ ਹਨ। ਜੇ ਉਹਨਾਂ ਦਾ ਸੇਵਾ ਵਿਚ ਹਾਰਦਿਕ ਮਿਲਣੀ ਦੀ ਅਰਜੋਈ ਹੋਵੇ ਤਾਂ ਮਨੋਂ ਤਨੋਂ ਸਿਧੇ ਹੋਕੇ ਜਾਣ ਦੀ ਲੋੜ ਪਏਗੀ। ਨਹੀਂ, ਭਾਈਚਾਰਕ ਮਿਲਣੀ ਤਾਂ ਜ਼ਰੂਰਤ ਅਨੁਸਾਰ ਹੁੰਦੀ ਹੈ। ਤੁਹਾਡਾ ਜੀ ਕਰੇ ਮਿਲੋ, ਨਾ ਜੀ ਕਰੇ ਨਾ ਮਿਲੋ। ਤੁਹਾਡੇ ਪਾਸ ਉਹ ਕ੍ਰਿਹੜੇ ਸੂਤਰ ਹਨ ਜਿਨ੍ਹਾਂ ਦੇ ਆਧਾਰ ਤੇ ਨਾਮਧਾਰੀ ਸੰਗਤ ਨਾਲ

Sri Satguru Jagjit Singh Ji Elibrary NamdhariElibrary@gmail.com

ਮੇਲ-ਗੇਲ ਬਣਿਆ ਰਹੇ ।

"ਨਹੀਂ ਐਸਾ ਤਾਂ ਕੋਈ ਸੋਚਿਆ ਨਹੀਂ । ਮੈਂ ਤਾਂ ਨਾ ਕੁਛ ਸੰਤ ਜੀ ਮਹਾਰਾਜ ਨੂੰ ਕਹਿ ਸਕਦਾ ਹਾਂ ਨਾ ਏਧਰ ਮਹਾਰਾਜ (ਸਤਿਗੁਰੂ) ਜੀ ਨੂੰ ਕੁਛ ਮਨਾ ਸਕਦਾ ਹਾਂ। ਬੱਸ ਸਾਹਿਬਾਂ ਦੀ ਕਿਰਪਾ ਦੀ ਹੀ ਲੋੜ ਹੈ ਕਿ ਅਸੀਂ ਮਿਲਦੇ ਗਿਲਦੇ ਰਹੀਏ ।"

"ਕਿਰਪਾ ਤਾਂ ਲੋੜਵੰਦਾਂ ਤੇ ਹੁੰਦੀ ਹੀ ਰਹਿੰਦੀ ਹੈ । ਤੁਹਾਡਾ ਸਤਿਗੁਰਾਂ ਨਾਲ ਪ੍ਰੇਮ ਹੈ ਤੁਸੀਂ ਜਾਕੇ ਵੀ ਮਿਲ ਲੈਂਦੇ ਹੋ ਤੇ ਜਦੋਂ ਚਾਹੋ ਤੁਹਾਨੂੰ ਜਾਕੇ ਵੀ ਦਰਸ਼ਨ ਦੇ ਆਉਂਦੇ ਹਨ । ਪਰ ਪੂਰੇ ਸਮਾਜ ਦੀ ਮਿਲਣੀ ਤਾਂ ਸਤਿਗੁਰੂ ਜੀ ਦੀ ਸੇਵਾ ਵਿਚ ਵਖਰੇਵੇਂ ਦੇ ਹਥਿਆਰ ਸੁਟ ਕੇ ਆਇਆਂ ਹੀ ਹੋ ਸਕਦੀ ਹੈ । ਸਤਿਗੁਰੂ ਨਾਲ ਸਿੱਖ ਦਾ ਕੋਈ ਸੁਪਤਨਾਮਾ ਨਹੀਂ ਹੁੰਦਾ । ਹਾਂ, ਲੋੜ ਦਾ ਮੁਲ ਹਰ ਕੋਈ ਤਾਰਦਾ ਹੈ ।"

ਹਮਰਾਹੀ : ਸੰਤ ਜੀ, ਤੁਸੀਂ ਮੇਰੇ ਮਿਲਣ ਤੋਂ ਬਾਅਦ ਕਿਸੇ ਹੋਰ ਨੂੰ ਤਾਂ ਨਹੀਂ ਮਿਲਕੇ ਆਏ ? ਤੁਸੀਂ ਓਦੋਂ ਤਾਂ ਕਹਿੰਦੇ ਸਾਓ ਕਿ ਏਸ ਪਾਸੇ (ਨੀਲਧਾਰੀਆਂ) ਦਾ ਮੈਂ ਜ਼ਿਮੇਂਵਾਰ ਹਾਂ, ਉਸ (ਸਤਿਗੁਰਾਂ ਵਾਲੇ) ਪਾਸੇ ਦੀ ਜ਼ਿਮੇਂਵਾਰੀ ਤਸੀਂ ਲੈ ਲਓ । ਪਾੜੇ ਮੇਲ ਦੇਈਏ ।

ਕਰਮ ਸਿੰਘ ਜੀ : ਜਿਵੇਂ ਇਹਨਾਂ (ਲੇਖਕ ਵਲ ਇਸ਼ਾਰਾ) ਆਖਿਆ ਹੈ, ਜੇ ਇੰਜ ਦੀ ਗੱਲ ਹੈ ਤਾਂ ਮੇਰੇ ਪਾਸ ਤਾਕਤ ਨਹੀਂ ।

ਲੇਖਕ : ਮੈਂ ਤੁਹਾਡੇ ਸੁਜਤਨਾਂ ਦੀ ਗੱਲ ਸੇਠ ਤ੍ਰਿਲੋਕ ਸਿੰਘ ਹੁਰਾਂ ਨਾਲ ਕੀਤੀ ਸੀ । ਉਨ੍ਹਾਂ ਦੱਸਿਆ ਸੀ ਕਿ ਸੰਤ ਕਿਲ੍ਹੇ ਵਾਲਿਆਂ ਇਕ ਵਾਰ ਥਾਈਲੈਂਡ ਵਿਚ ਬਚਨ ਕਰਦਿਆਂ ਕਿਹਾ ਸੀ : ਤੁਸਾਂ ਵੇਖਣਾ ਮੈਂ ਕਦੇ ਨ ਕਦੇ ਸਾਰੀ ਸੰਗਤ ਲੈਕੇ ਸਤਿਗੁਰਾਂ ਦੇ ਚਰਨੀਂ ਜਾ ਲਗਣਾ ਹੈ । ਅਤੇ ਅਸੀਂ ਉਡੀਕ ਰਹੇ ਹਾਂ ਸੰਤਾਂ ਦਾ ਬਚਨ ਕਦੋਂ ਪੂਰਾ ਹੋਵੇ ।

ਕਰਮ ਸਿੰਘ ਜੀ : ਹਾਂ ਜੀ ਕੀਤਾ ਹੋਵੇਗਾ । ਉਹਨਾਂ ਦੀ ਉਮਰ ੧੦੧ ਸਾਲ ਦੀ ਹੋ ਗਈ ਹੈ । ਜਿਵੇਂ ਰਜ਼ਾ ਹੈ ਤਿਵੇਂ ਕਰਨਗੇ ।

ਅਤੇ ਗੱਲਬਾਤ ਖ਼ਤਮ ਹੋ ਗਈ । ਸਾਨੂੰ ਇਹ ਪਤਾ ਲਗ ਗਿਆ ਕਿ ਸੰਤ ਕਰਮ ਸਿੰਘ ਸ਼ੁਭ ਇਛਕ ਤਾਂ ਹਨ ਪਰ ਐਗਜ਼ੈਕਟਿਵ ਪਾਵਰ ਨਹੀਂ ਰਖਦੇ । ਹਮਰਾਹੀ ਨੇ ਜੱਸ ਜੀਵਨ ਦਾ ਪਹਿਲਾ ਤੇ ਦੂਜਾ ਭਾਗ ਪੜ੍ਹਨ ਨੂੰ ਦਿਤਾ ਅਤੇ ਜੋੜੀ ਵਿਦਾ ਹੋ ਗਈ ।

੧ ਜੂਨ ੧੯੭੮ ਵੀਰਵਾਰ
ਨਵੀਂ ਦਿੱਲੀ

ਸਾਥੀਆਂ ਵਿਚ

੩੧-੫-੭੮ ਨੂੰ ਸਵੇਰੇ ੫.੪੫ ਦੀ ਬੱਸ ਲੈਕੇ ਪੰਜਾਬ ਦੇ ਮੈਦਾਨਾਂ ਨੂੰ ਨਿਕਲ ਗਿਆ । ੪ ਵਜੇ ਲਾਉਢੇ ਪਹਿਰ ਤਕ, ਬਸਾਂ ਬਦਲ ਬਦਲਾ, ਚੰਡੀਗੜ੍ਹ ਆਣ ਉਤਰਿਆ । ਸੀ.ਪੀ.ਆਈ. ਦੇ ਪੁਰਾਣੇ ਸਾਥੀਆਂ ਨੂੰ ਮਿਲਿਆ । ਪੰਜਾਬ ਬੁਕ ਸੈਂਟਰ ਗਿਆਂ ਪਤਾ ਲਗਾ ਕਿ ਜਲੰਧਰ "ਨਵਾਂ ਜ਼ਮਾਨਾ" ਦੇ ਪ੍ਰੈਸ, ਅਵਾਮੀ ਪ੍ਰਿੰਟਿੰਗ (ਕੋ-ਆਪ) ਪ੍ਰੈਸ, ਜਿਥੇ ਮੈਂ ੯ ਸਾਲ ਮੈਨੇਜਰੀ ਕੀਤੀ ਸੀ ਮੇਰੀ ਸੀਟ ਸੰਭਾਲਣ ਵਾਲਾ ੯੦੦੦ ਦਾ ਚੈਕ ਭੁਨਾਕੇ ਕਿਤੇ ਚੰਪਤ ਹੋ ਗਿਆ ਹੈ । ੫ ਤੋਂ ੭ ਮਈ ਸਾਥੀਆਂ ਦਾ ਜੀ ਕਰਦਾ ਸੀ ਮੈਂ ਮੁੜ ਆਪਣੀ ਕੁਰਸੀ ਸੰਭਾਲ ਲਵਾਂ ਪਰ ਮੇਰਾ ਕਦੋਂ ਕੁਰਸੀ ਨਾਲ ਮੋਹ ।

ਦਿੱਲੀ ਪਹੁੰਚਣ ਲਈ ਸ੍ਰੀ ਹੇਮਰਾਜ ਜੈਨ, ਮੈਨੇਜਰ ਪੰਜਾਬ ਬੁਕ ਸੈਂਟਰ ਨਾਲ ਜੀਪ ਉਤੇ ਰਾਤੀਂ ੭ ਵਜੇ ਤੋਂ ਚਲਕੇ ੧ ਵਜੇ ਅਧੀ ਰਾਤੋਂ ਬਾਅਦ ਜੇ-੩/੧੯੯ ਰਾਜੌਰੀ ਗਾਰਡਨ ਅਪਣੇ ਘਰ ਪਹੁੰਚ ਗਿਆ ।

ਦਿੱਲੀ ਵਿਚ ਦਰਸ਼ਨ

ਸਵੇਰੇ ਉਠ, ਦਿਨ ਭਰ ਆਰਾਮ ਕਰ, ਲਉਢੇ ਵੇਲੇ ੩ ਵਜੇ ਸੇਠ ਤ੍ਰਿਲੋਕ ਸਿੰਘ ਦੀ ਕੋਠੀ ੧/੬ ਬੀ, ਪੂਸਾ ਰੋਡ, ਮੇਰੀ ਖੁਸ਼ੀ ਨੂੰ ਖੰਭ ਲਗ ਗਏ ਜਦੋਂ ਮੈਂ ਵੇਖਿਆ ਕਿ ਹਾਲ ਵਿਚ ਸਤਿਗੁਰੂ ਜੀ ਕੁਛ ਸੰਗਤ ਸਮੇਤ ਨਾਮ ਸਿਮਰਨ ਕਰਕੇ ਹਟੇ ਹਨ ।

ਇਹ ਕਿਥੇ ਇਸ ਵੇਲੇ ? ਨਮਸਕਾਰ ਕੀਤੀ । ਸਤਿਗੁਰੂ ਜੀ ਨੇ ਲਾਡ ਤੇ ਪਿਆਰ ਨਾਲ ਮੇਰੀ ਧੌਣ ਨੂੰ ਹੇਠਾਂ ਨੱਪਿਆ ਤੇ ਫ਼ਰਮਾਇਆ : ਮੈਂ ਆਖਿਆ ਮੈਨੂੰ ਕਿਤੇ ਪਰ੍ਹਾਂ ਹੀ ਨਾ ਧੱਕ ਦੇਵੇਂ । ਇਸ ਮੌਕੇ ਸ੍ਰੀ ਹਜ਼ੂਰ ਕੋਲ, ਸ੍ਰੀ ਮਹਾਰਾਜ ਬੀਰ ਸਿੰਘ ਜੀ, ਸ੍ਰ: ਹਰਵਿੰਦਰ ਸਿੰਘ ਹੰਸਪਾਲ, ਸ੍ਰ: ਅਵਤਾਰ ਸਿੰਘ ਝੱਬਰ, ਸ੍ਰ: ਗਣੇਸ਼ਾ ਸਿੰਘ ਪਖਤੂਨ, ਸੰਤ ਹਜ਼ੂਰ ਸਿੰਘ ਚੰਦੂਹਾਂਸ, ਸੰਤ ਮਹਿੰਦਰ ਸਿੰਘ ਪੂਰਬਾ, ਸ੍ਰੀ ਧਰਮਵੀਰ ਸਿੰਘ ਸਿਤਾਰ ਵਾਦਕ, ਸ਼ੇਰ ਸਿੰਘ ਸੇਠ-ਸਪੁਤਰ, ਸੇਠ ਤ੍ਰਲੋਕ ਸਿੰਘ ਅਤੇ ਕੋਈ ੧੦ ਕੁ ਸਿੰਘ ਹੋਰ ਖਲੋ ਸਨ । ਬੀਬੀਆਂ ਵਿਚੋਂ ਬੀਬਾ ਜੀ, ਬੀਬੀ ਨਰਿੰਦਰ, ਬੀਬੀ ਮਹਿੰਦਰ ਕੌਰ ਸੇਠਣੀ, ਇਸਦੀ ਨੂੰਹ ਗੁਰਚਰਨ ਰਾਜ, ਦੂਜੀ ਨੂੰਹ (ਧਰਮ-ਪਤਨੀ)...

Sri Satguru Jagjit Singh Ji Elibrary NamdhariElibrary@gmail.com

ਸੁਰਜੀਤ ਕੌਰ ਸੁਪਤਨੀ ਸੰਤ ਸੁਖਦਰਸ਼ਨ ਸਿੰਘ ਅਤੇ ਕੁਛ ਹੋਰ ਵੀ ਕੋਲ ਸਨ।

ਸੱਚੇ ਪਾਤਸ਼ਾਹ ਜੀ ਨੇ ਮੈਨੂੰ ਸੰਬੋਧਨ ਕੀਤਾ : ਮੈਨੂੰ ਪਰਸੋਂ ਤੁਸੀਂ ਬੜੇ ਯਾਦ ਆਏ। ਅਸੀਂ ਜੀਵਨ ਨਗਰ ਇਲਾਕੇ ਦੀਆਂ ਪੰਚਾਇਤ ਚੋਣਾਂ ਬਾਰੇ ਭੈਣੀ ਸਾਹਿਬੋਂ ਚਲੇ ਸਾਂ (੨੯-੫-੭੮)। ਦੇਰ ਬਾਅਦ ਮਸਤਾਨਗੜ੍ਹ ਜਾਕੇ ਲੰਗਰ ਛਕਿਆ, ਇਹ ਪੱਕ ਕੇ ਜੀਵਨ ਨਗਰੋਂ ਹੀ ਗਿਆ ਸੀ। ਮਸਤਾਨਗੜ੍ਹ ਵਿਚ ਇਸ ਵਾਰ ਦੋ ਮੁਰੱਬੇ ਸਬਜ਼ੀ ਲਗਵਾਈ ਹੈ। ਸਤਿਗੁਰਾਂ ਯਾਦ ਕੀਤਾ : ਅਨੇਕਾਂ ਸਾਲਾਂ ਪਿਛੋਂ ਐਤਕਾਂ ਖਰਬੂਜ਼ਿਆਂ ਦੇ ਵਾੜੇ ਵਿਚ ਬੈਠ ਖਰਬੂਜ਼ੇ ਖਾਧੇ ਹਨ।

ਪੰਚਾਇਤਾਂ ਬਾਰੇ ਸਾਰੀ ਪਰ੍ਹੈਬੰਦੀ ਦੱਸ ਕੇ ਫ਼ਰਮਾਇਆ ਸੰਤ ਨਗਰੋਂ ਹੀਰਾ ਸਿੰਘ ਨੂੰ ਸਰਪੰਚ ਟਿਕਿਆ ਹੈ, ਉਮੀਦ ਹੈ ਸਫਲ ਹੋਵੇਗਾ।

ਸੰਗੀਤ ਸਭਾ

ਸਤਿਗੁਰੂ ਜੀ ਨੇ ਫਿਰ ਬੱਚਾ ਪਾਰਟੀ ਤੋਂ ਸੰਗੀਤ ਸੁਣਿਆ ਮਹਾਰਾਜ ਜੀ ਤਬਲਾ ਵਜਾਂਦੇ ਰਹੇ। ਮੋਹਣ ਸਿੰਘ ਸੁਖਦੇਵ ਦਾ ਜੁੱਟ ਅੜਾ ਰਿਹਾ। ਸੰਤ ਮਹਿੰਦਰ ਸਿੰਘ ਬਾਲੀ ਨਗਰ ਦੇ ਬੱਚਿਆਂ ਜੁਝਾਰ ਸਿੰਘ-ਬਲਵੰਤ ਸਿੰਘ ਨੇ ਵੀ ਸ਼ਬਦ ਸੁਣਾਇਆ। ਫਿਰ ਸੁਖਦੇਵ-ਸੁਖਵਿੰਦਰ ਪਿੰਕੀ ਦੇ ਛੋਟੇ ਭਾਈ ਸੁਰਿੰਦਰ ਨੂੰ ਵੀ ਸੁਣਿਆ। ਅਮਰਜੀਤ ਅੰਬੇ ਦੀ ਵੀ ਇਕ ਸ਼ਬਦ ਲਈ ਵਾਰੀ ਆਈ। ਇਸ ਮੌਕੇ ਸ੍ਰ: ਹਰਵਿੰਦਰ ਸਿੰਘ ਨੇ ਤੋੜਾ ਝਾੜਿਆ : ਹੁਣ ਤਾਂ ਵਾਰੀ ਧਰਮ ਸਿੰਘ (ਸੇਠ ਸਪੁਤਰ) ਦੇ ਕਾਕੇ ਦੀ ਆਉਣੀ ਚਾਹੀਦੀ ਹੈ (ਉਹ ਅਜੇ ੨ ਕੁ ਸਾਲ ਦਾ ਹੈ) ਸਤਿਗੁਰੂ ਮੁਸਕਰਾ ਪਏ : ਗੱਲ ਤਾਂ ਠੀਕ ਹੈ, ਇਸ ਤੋਂ ਛੋਟਾ ਏਥੇ ਸਾਡੇ ਕੋਲ ਹੋਰ ਹੋਣਾ ਕੋਈ ਨਹੀਂ।

ਦੀਵਾਨ ਦੀ ਅਰਦਾਸ ਸੰਤ ਮਹਿੰਦਰ ਸਿੰਘ ਪੂਰਬਾ ਨੇ ਕੀਤੀ।

ਉਪਰੰਤ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ੍ਰ: ਜਸਵੰਤ ਸਿੰਘ ਸੇਠੀ, ਸ੍ਰ: ਸੁਲੱਖਣ ਸਿੰਘ (ਨਾਮਧਾਰੀ) ਮੈਂਬਰ ਗੁਰਦੁਆਰਾ ਕਮੇਟੀ ਨਾਲ ਗੁਰੂ ਕੇ ਦਰਸ਼ਨਾਂ ਨੂੰ ਆਏ। ਉਨ੍ਹਾਂ ਸੁਲੱਖਣ ਸਿੰਘ ਵਾਂਗ ਹੀ ੧੦/- ਧਰਕੇ ਗੁਰੂ ਚਰਨਾਂ ਵਿਚ ਨਮਸਕਾਰ ਕੀਤੀ। ਅਤੇ ਫਿਰ ਸੇਠ ਜੀ, ਮਹਾਰਾਜ ਜੀ ਤੇ ਹੰਸਪਾਲ ਨਾਲ ਉਨ੍ਹਾਂ ਨੂੰ ਕੋਠੀ ਦੇ ਦੱਖਣ ਪੂਰਬੀ ਕਮਰੇ ਵਿਚ ਲੈ ਗਏ ਜਿਹੜਾ ਅਜ ਕਲ ਬੈਠਣ ਕਮਰਾ ਹੈ ਸਤਿਗੁਰਾਂ ਦਾ।

ਪਖ਼ਤੂਨ ਦੀ ਬੇਨਤੀ

ਏਥੋਂ ਵਿਹਲਿਆਂ ਹੋ ਕੇ ਸ੍ਰੀ ਸਤਿਗੁਰੂ ਜੀ ਨੇ ਬਾਬਾ ਗਣੇਸ਼ਾ ਸਿੰਘ ਪਖ਼ਤੂਨ ਨੂੰ ਸਮਾਂ ਦਿੱਤਾ। ਖਲੇ ਖਲੋਤਿਆਂ ਉਸਦੀ ਗੱਲ ਸੁਣੀ। ਹੋਰ ਗੱਲਾਂ ਨਾਲ ਮੁੱਢ ਬੰਨ੍ਹ ਕੇ ਉਸ ਤੋੜਾ ਝਾੜਿਆ : ਪਿਛਲੇ ੨੦ ਸਾਲ ਤੋਂ ਮੈਨੂੰ ਗੁਰੂ ਘਰੋਂ ੫੦ ਰੁਪੈ ਮਹੀਨਾ ਮਿਲਦੇ ਆ ਰਹੇ ਹਨ। ਕ੍ਰਿਪਾ ਕਰਕੇ ਉਹ ਰਕਮ ਵਧਾਈ ਜਾਵੇ, ਅਜ ਕਲ ਮਹਿੰਗਾਈ ਬਹੁਤ ਹੋ ਗਈ ਹੈ ਜਾਂ ਫਿਰ ਦੋ ਬੋਰੀਆਂ ਕਣਕ ਦੇਣ ਦੀ ਕ੍ਰਿਪਾ ਕੀਤੀ ਜਾਵੇ। ਮੈਂ ਸੁੱਚਾ ਸਿੰਘ ਸੋਖੀ ਨੂੰ ਵੀ ਆਖਿਆ ਸੀ। ਸਤਿਗੁਰੂ ਜੀ ਬਚਨ ਕੀਤਾ : ਸੁੱਚਾ ਸਿੰਘ ਨੂੰ ਕਹੋ ਕਿ ਮੈਨੂੰ ਮੁੜਕੇ ਆਇਆਂ ਦਸੇ। ਸੋਚ ਲਵਾਂਗੇ। ਕਰ ਲਵਾਂਗੇ। ਥੋੜਾ ਕੁ ਰਕ ਕੇ ਆਖਿਆ : ਬਾਕੀ ਦੀਆਂ ਗੱਲਾਂ ਕਵੀ ਹੁਰਾਂ ਨਾਲ ਕਰ ਲਓ।

ਸਾਡੀ ਗੱਲਬਾਤ ਵੀ ਛੇਤੀ ਖਤਮ ਹੋ ਗਈ।

ਸੰਤ ਵਿਰਸਾ ਸਿੰਘ, ਸੰਤ ਤਰਲੋਕ ਸਿੰਘ ਆਰੇ ਵਾਲਾ, ਸੰਤ ਗੁਰਬਖ਼ਸ਼ ਸਿੰਘ ਮਸਤਾਨਾ, ਸ੍ਰ: ਇੰਦਰ ਸਿੰਘ ਚੀਫ਼ ਸ੍ਰੀ ਜੀਵਨ ਨਗਰ, ਆਦਿ ਕੁਛ ਹੋਰ ਸਜਣ ਦਰਸ਼ਨਾਂ ਖਾਤਰ ਆਏ। ਸੰਤ ਮਹਿੰਦਰ ਸਿੰਘ ਬਾਲੀ ਨਗਰ ਵੀ ਆਪਣੇ ਸਹੁਰਾ (ਕੁਲੂ ਵਾਲੇ ਸੰਤ ਨਿਰੰਜਨ ਸਿੰਘ) ਸਾਹਿਬ ਦੇ ਅਖੰਡ ਪਾਠ ਦੀ ਅਰਜ਼ ਕਰ ਰਿਹਾ ਸੀ। ਸਤਿਗੁਰਾਂ ਬਚਨ ਕੀਤਾ : ਯੂ.ਪੀ. ਫਾਰਮ ਤੇ ਗਿਆਂ ਤਰਸੇਮ ਸਿੰਘ (ਨਿਜੀ ਸਕੱਤਰ) ਨਾਲ ਤਾਲਮੇਲ ਕਰਕੇ ਖ਼ਬਰ ਦੇ ਦਿਆਂਗੇ। ਮਹਿੰਦਰ ਸਿੰਘ ਪੂਰਬਾ ਨੇ ਜ਼ਿਮੇਵਾਰੀ ਲੈ ਲਈ ਕਿ ਯੂ.ਪੀ. ਫਾਰਮ ਵਿਚ ਜਾਕੇ ਉਹ ਤਾਰੀਖ ਨਿਸਚਿਤ ਕਰਵਾ ਦੇਗਾ।

ਪੈਰਵੀ ਕਰਨੀ ਜ਼ਰੂਰੀ

ਏਥੇ ਬੈਠਿਆਂ ਹੀ ਸ੍ਰੀ ਸਤਿਗੁਰੂ ਜੀ ਨੇ ਸ: ਅਵਤਾਰ ਸਿੰਘ ਕਰੀਵਾਲੇ ਨੂੰ ਕਿਹਾ : ਕਈ ਗੱਲਾਂ ਆਖੀਦੀਆਂ ਤੇ ਕਰੀਦੀਆਂ ਨੇ ਪਰ ਉਹਨਾਂ ਦਾ ਪਿੱਛਾ ਕਰਨ ਵਾਲਾ ਕੋਈ ਨਾ ਹੋਣ ਕਰਕੇ ਅਮਲ ਵਿਚ ਨਹੀਂ ਆਉਂਦੀਆਂ। ਐਸਾ ਨਿੱਗਰ ਬੰਦਾ ਚਾਹੀਦਾ ਹੈ ਕਿ ਮੂੰਹੋਂ ਗੱਲ ਕੀਤੀ ਬਿਰਥਾ ਨਾ ਜਾਵੇ।

ਸ਼ਾਮ ਦਾ ਦੀਵਾਨ

ਸ਼ਾਮ ਦੇ ੭ ਵਜ ਗਏ ਸਨ। ਸਤਿਗੁਰਾਂ ਬਚਨ ਕੀਤਾ : ਪੰਡਿਤ ਜੀ ਦਾ ਦੀਵਾਨ ਸੁਣਨ ਜਾਣਾ ਹੈ। ਕਵੀ ਹੁਰੀਂ ਨਾਲ ਜਾਣਗੇ। ਤਿਆਰੀ ਰਖੀ ਜਾਇ ਤਾਕਿ

Sri Satguru Jagjit Singh Ji Elibrary NamdhariElibrary@gmail.com

ਆਉਂਦਿਆਂ ਹੀ ਸਟੇਸ਼ਨ ਵਲ ਤੁਰ ਪਈਏ ।

ਫੇਰ ਮੈਨੂੰ ਦੱਸਿਆ : ੩੦ ਮਈ ਨੂੰ ਬਿਰਜੂ ਮਹਾਰਾਜ ਤੇ ਉਹਨਾਂ ਦੇ ਸ਼ਾਗਿਰਦਾਂ ਨੂੰ ਸੁਣਨ ਲਈ ਵਕਤ ਦਿਤਾ ਸੀ । ਰਾਤ ੮ ਵਜੇ, ਏਥੇ ਕੋਠੀ ਵਿਚ ਹੀ । ਪਰ ਉਹ ਇਕ ਘੰਟਾ ਲੇਟ ਪੁਜੇ । ਇੰਤਜ਼ਾਰ ਹੋ ਰਹੀ ਸੀ । ਫਿਰ ਏਥੇ, ਗੀਆਨਾ ਦਾ ਹਬਸ਼ੀ, ਪੰਡਤ ਬਿਰਜੂ ਦਾ ਸ਼ਾਗਿਰਦ ਹੈ ਉਸਦੀ ਨਿਰਤ ਵੇਖੀ, ਖੂਬ ਨੱਚਿਆ । ਮੇਰੇ ਵਲ ਵਿਸ਼ੇਸ਼ ਤਕ ਕੇ ਸਤਿਗੁਰਾਂ ਫ਼ਰਮਾਇਆ : ਮੈਨੂੰ ਯਾਦ ਆਏ । ਕਵੀ ਹੁਰੀਂ ਹੁੰਦੇ ਤਾਂ ਹੱਦ ਹੋ ਜਾਂਦੀ ।

ਇੰਜ ਸਤਿਗੁਰੂ ਜੀ ੩੧ ਮਈ ਦਾ ਪੂਰਾ ਦਿਨ ਵੀ ਦਿੱਲੀ ਰਹੇ ਸਨ ।

ਸੰਤ ਅਵਤਾਰ ਸਿੰਘ ਰਮੇਸ਼ ਨਗਰ ਦੀ ਕਾਰ ਵਿਚ ਬੈਠਕੇ ਸ੍ਰੀ ਸਤਿਗੁਰੂ ਜੀ, ਸੰਤ ਪੂਰਬਾ, ਸੰਤ ਸੁਰਿੰਦਰ ਸਿੰਘ ਡਾ: ਗੰ: ਅਤੇ ਲੇਖਕ ਰਮੇਸ਼ ਨਗਰ ਨਾਮਧਾਰੀ ਕਾਲੋਨੀ ਨੂੰ ਚਲੇ । ਜਾਂਦਿਆਂ ਨੂੰ ਧਰਮਸਾਲਾ ਵਿਚ ਦੀਵਾਨ ਲਗਾ ਹੋਇਆ ਸੀ । ਹਰਭਜਨ ਸਿੰਘ-ਗੁਰਦੇਵ ਸਿੰਘ ਤੇ ਸੰਤ ਖਜ਼ਾਨ ਸਿੰਘ ਰਾਗੀ ਕੀਰਤਨ ਕਰਨ ਲਗੇ । ਪੰਡਿਤ ਗੋਪਾਲ ਸਿੰਘ ਪਿਛਲੇ ੧੯-੨੦ ਦਿਨਾਂ ਤੋਂ ਦਿੱਲੀ ਵਿਚ ਹੀ ਵੱਖ ਵੱਖ ਥਾਈਂ ਰੋਜ਼ਾਨਾ ਹੱਲੇ ਦਾ ਦੀਵਾਨ ਲਗਾ ਰਹੇ ਹਨ । ਇਹ ਦੀਵਾਨ ਸੰਤ ਕਰਮ ਸਿੰਘ ਢੋਡਾ ਵਲੋਂ ਸੀ । ਸੱਚੇ ਪਾਤਸ਼ਾਹ ਇਕ ਘੰਟਾ ਦਰਸ਼ਨ ਦੇਕੇ ਕੋਠੀ ਚਲੇ ਆਏ ।

ਦਲਬੀਰ ਨੂੰ ਪਿਆਰ

ਕੋਠੀ ਗਿਆਂ ਪਤਾ ਲਗਾ ਕਿ ਵੇਟ ਲਿਫਟਰ ਨਾਮਧਾਰੀ ਸ: ਦਲਬੀਰ ਸਿੰਘ ਨੇ ਦਰਸ਼ਨ ਦੀ ਇਛਾ ਨਾਲ ਕੋਠੀ ਦਾ ਇਕ ਫੇਰਾ ਮਾਰਿਆ ਹੈ ਪਰ ਸਤਿਗੁਰੂ ਤਾਂ ਰਮੇਸ਼ ਨਗਰ ਸਨ । ਸਤਿਗੁਰੂ ਜੀ ਨੇ ਸਵੇਰ ਤੋਂ ਹੀ ਉਹਨੂੰ ਫੋਨ ਕਰਨ ਲਈ ਕਿਹਾ ਹੋਇਆ ਸੀ, ਪਰ ਸੰਪਰਕ ਨਹੀਂ ਸੀ ਹੋ ਰਿਹਾ । ਅੰਦਰਲੀ ਤਾਰ ਕੰਮ ਕਰ ਗਈ ।

ਦੋ ਚਾਰ ਮਿੰਟਾਂ ਬਾਅਦ ਦਲਬੀਰ ਸਿੰਘ ਅਪਣੀ ਚਾਚੀ ਜੀ ਤੇ ਉਨ੍ਹਾਂ ਦੇ ਲੜਕੇ ਨੂੰ ਨਾਲ ਲੈਕੇ ਆ ਗਿਆ ਉਹਦੇ ਚਰਨੀਂ ਲਗਣ ਤੇ ਸਤਿਗੁਰਾਂ ਥਾਪੀ ਦਿਤੀ । ਉਸ ਨੇ ਕਿਹਾ : ਅੱਜ ਇਕ ਕਾਰ ਮਥੇ ਲਗੀ ਤਾਂ ਜਾਪਿਆ ਸ਼ਾਇਦ ਆਪ ਹੀ ਪਧਾਰੇ ਹੋਵੋ । ਜੀ ਕਰਦਾ ਸੀ ਦਰਸ਼ਨਾਂ ਨੂੰ । ਅਤੇ ਉਸ ਆਪ ਹੀ ਆਖਿਆ : ਆਪ ਜੀ ਦੀ ਕਿਰਪਾ ਨਾਲ ਸ਼ਰਾਬ ਤਾਂ ਛੁਟ ਗਈ ਹੈ । ਇਹ ਤਾਂ ਮੈਂ ਜਦ ਤੋਂ ਭਜਨ ਪੁਛਿਆ ਹੈ, ਛੋਹੀ ਤਕ ਨਹੀਂ । ਕੇਸਾਂ ਬਾਰੇ (ਦਾੜ੍ਹੀ ਕੜਰਨੋਂ ਹਟਣਾ) ਅਜੇ ਮੈਥੋਂ ਤਿਆਗ ਨਹੀਂ ਹੋਇਆ ਗਿਆ ।

ਸਤਿਗੁਰੂ ਜੀ ਸਮਝਾਇਆ : ਜਤਨ ਕਰੋ । ਪਹਿਲੀ ਕੋਸ਼ਸ਼ ਜੇ ਨਾ ਸਫਲ ਹੋਵੇ, ਫਿਰ ਹੋਰ ਜਤਨ ਕਰਨ ਨਾਲ ਹੀ ਅਗੇ ਵਧੀਦਾ ਹੈ । ਭਾਰ ਚੁਕਣਾ ਵੀ ਪਹਿਲੇ ਦਿਨ ਹੀ ਨਹੀਂ ਆ ਗਿਆ ਹੋਣਾ । ਹੌਲੀ ਹੌਲੀ ਕਰਕੇ, ਅਜ ਤੁਸੀਂ ੩੦੦ ਕਿਲੋਗਰਾਮ ਤਕ ਉਠਾਣ ਲਗ ਪਏ ਹੋ ।

ਅਤੇ ਜਦੋਂ ਕੇਵਲ ੫੦ ਮਿੰਟ ਲਖਨਊ ਜਾਣ ਵਾਲੀ ਟਰੇਨ ਵਿਚ ਰਹਿ ਗਏ ਤਾਂ ਆਪ ਨੇ ਦੱਸਿਆ ੧੫-੨੦ ਮਿੰਟ ਲਈ ਮਾਤਾ ਸਤਵੰਤ ਕੌਰ ਜੀ (ਸੁਪਤਨੀ ਮਹਾਰਾਜ ਨਿਹਾਲ ਸਿੰਘ ਜੀ) ਨੂੰ ਵੀ ਮਿਲਣਾ ਹੈ ।

ਮੈਂ ਵਿਦਾ ਕਰਕੇ ਘਰ ਪਰਤ ਆਇਆ ।

੧੧ ਜੂਨ ੧੯੭੮ ਐਤਵਾਰ
ਨਵੀਂ ਦਿੱਲੀ

ਨਿਤ ਨੇ ਉਡੀਕਾਂ...

ਪਿਆਰੇ ਤੇ ਪੂਜ ਸਤਿਗੁਰੂ ਜੀ ਦੀਆਂ ਅਜ ਉਡੀਕਾਂ ਸਨ । ਅੱਜ ਹੀ ਡਾ: ਅਮਰ ਭਾਰਤੀ, ਹਰਭਜਨ-ਗੁਰਦੇਵ ਸਿੰਘ ਤੇ ਮੇਰੀ ਹੰਸਪਾਲ ਘਰ ਰੋਟੀ ਸੀ, ਪਰ ਉਹ ਉਦੈਪੁਰੋਂ ਸਮੇਂ ਸਿਰ ਆ ਹੀ ਨ ਸਕੇ । ਪਤਾ ਲਗਾ ਕਿ ਸਤਿਗੁਰੂ ਜੀ ਵੀ ਰਾਂਚੀਓਂ ਹਵਾਈ ਸਫਰ ਕਰਕੇ ਦਿੱਲੀ ਦਰਸ਼ਨ ਦੇਣਗੇ । ਅਸੀਂ ਅਮਰ ਭਾਰਤੀ ਦੇ ਘਰ ਲੰਗਰ ਕਰਕੇ ਸ਼ਾਮੀਂ ਕੋਠੀ ੧-੬ ਬੀ ਪੂਸਾਰੋਡ ਪਹੁੰਚ ਗਏ ।

ਅਗੇ ਬਹੁਤ ਸਾਰੇ ਸਰੀਰ ਘਾਹ ਕਿੱਤੇ ਵਿਚ ਬੈਠੇ ਸਨ । ਕੁਛ ਦੇ ਨਾਂ ਯਾਦ ਹਨ : ਸੰਤ ਮਹਿੰਦਰ ਸਿੰਘ ਪੂਰਬਾ, ਸ੍ਰੀ ਗੁਰਭਜਨ ਸਿੰਘ ਨਾਮਧਾਰੀ ਟਰੈਵਲਜ਼, ਸ੍ਰ: ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਗੁਰਦੀਪ ਸਿੰਘ ਢੋਡਾ, ਸ੍ਰੀ ਹਰਭਜਨ ਸਿੰਘ ਢੋਡਾ, ਸ੍ਰੀ ਮਨਮੋਹਣ ਸਿੰਘ ਨਾਮਧਾਰੀ ਏਜੰਸੀਜ਼, ਸੇਠ ਚੰਦਰਹਾਂਸ, ਸ੍ਰੀ ਜਗਮੋਹਨ ਸਿੰਘ ਸਪੁਤਰ ਪੰ: ਗੋਪਾਲ ਸਿੰਘ, ਸ੍ਰੀ ਸੁਰਿੰਦਰ ਸਿੰਘ ਮਨਚੰਦਾ ਆਦਿ ।

ਪੂਰਬਾ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਸੰਗਤਾਂ ਨੂੰ ਦਰਸ਼ਨ ਦੇ ਕੇ ਹੁਣ ਜ਼ਰਾ ਸੇਠ ਤ੍ਰਲੋਕ ਸਿੰਘ ਹੁਰਾਂ ਨਾਲ ਇਕਾਂਤ ਬੈਠੇ ਹਨ ।

ਹਰਵਿੰਦਰ ਸਿੰਘ ਹੁਰਾਂ ਵਿਦਿਅਕ ਜਥਾ ਦਿੱਲੀ ਦੀ ਮੀਟਿੰਗ ਛੋਹੀ ਹੋਈ ਸੀ । ਏਜੰਡਾ ਸੀ : ਕਸ਼ਮੀਰ ਨੂੰ ਸੈਰ ਕਰਨ ਜਾਣ ਵਾਲਿਆਂ ਦੀ ਫਹਿਰਿਸਤ ਬਣਾਣੀ ੨੦੦/- ਪ੍ਰਤੀ ਵਿਅਕਤੀ ਇਕਤਰ ਕਰਨਾ ।

Sri Satguru Jagjit Singh Ji Elibrary NamdhariElibrary@gmail.com

ਸੰਤ ਪੂਰਬਾ ਤੋਂ ਮਾਲੂਮ ਹੋਇਆ ਕਿ ਸਤਿਗੁਰੂ ਜੀ ਪੰਜ ਵਜੇ ਹੀ ਪਾਲਮ ਏਅਰ ਪੋਰਟ ਤੇ ਉਤਰੇ ਸਨ ਤੇ ਓਥੋਂ ਤੁਰੰਤ ਕੋਠੀ ਆ ਗਏ। ਅਨੇਕਾਂ ਸਰੀਰ ਏਅਰ ਪੋਰਟ ਤੇ ਸੁਆਗਤ ਲਈ ਪਹੁੰਚੇ ਹੋਏ ਸਨ।

ਅਰੱਜ ਦਰਸ਼ਨ

ਕਾਫ਼ੀ ਦੇਰ ਬਾਅਦ ਸਾਨੂੰ ਦੂਜੀ ਛਤੋਂ ਇਸ਼ਾਰਾ ਹੋਇਆ ਕਿ ਦਰਸ਼ਨ ਕਰ ਲਈਏ। ਕੋਠੀ ਦੇ ਉਪਰਲੇ, ਉੱਤਰੀ ਪਾਸੇ ਦੇ ਪੱਛਮੀ ਅੰਤਮ ਕਮਰੇ ਵਿਚ, ਜੁ ਸਤਿਗੁਰੂ ਜੀ ਦਾ ਅਰਾਮ ਕਮਰਾ ਸੀ, ਏਥੇ ਬੈਠਣ ਦੀ ਆਗਿਆ ਹੋਈ, ਲੰਮਾ ਤੇ ਸਾਦਾ ਕਮਰਾ ਜਿਸ ਵਿਚ ਕੂਲਰ ਦੀ ਘੂਕਰ ਜਾਰੀ ਸੀ, ਇਹਦੇ ਉੱਤਰੀ ਬਾਹੀ ਵਾਲੇ ਪਾਸੇ ਇਕ ਮੰਜਾ ਤੇ ਪਾਸ ਪਈ ਤਿਪਾਈ ਚਾਂਦੀ ਰੰਗੇ ਕਪੜੇ ਨਾਲ ਵਿਛੇ ਹੋਏ ਸਨ।

ਰਾਤ ੮ ਵਜੇ ਦੇ ਕਰੀਬ ਸਤਿਗੁਰੂ ਜੀ ਨੇ ਇਸ ਕਮਰੇ ਵਿਚ ਪਰਵੇਸ਼ ਕੀਤਾ। ਆਪ ਜੀ ਨੇ ਚਿੱਟੇ ਖੱਦਰ ਦਾ ਕੁਰਤਾ ਤੇ ਕਛਹਿਰਾ ਪਹਿਨਿਆ ਹੋਇਆ ਸੀ, ਸੀਸ ਤੇ ਹਲਕਾ ਜਿਹਾ ਸਫੇਦ ਪਰਨਾ। ਅੰਦਰ ਬੈਠਿਆਂ ਅਸਾਂ ਸਭ ਨ ਚਰਨ ਬੰਦਨਾ ਕੀਤੀ। ਪ੍ਰੀਤਮ ਸਤਿਗੁਰੂ ਜੀ ਨੇ ਹਰੇਕ ਨੂੰ ਉਹਦੇ ਮਨ ਭਾਂਦੇ ਸ਼ਬਦ ਕਹਿ ਕੇ ਨਿਵਾਜਿਆ।

ਮੈਂ ਪੁਛਿਆ : ਆਪ ਦਾ ਯੂ.ਪੀ. ਵਿਚਲਾ ਕਾਰਜ ਕਰਮ ਕੈਸਾ ਰਿਹਾ ? ਆਪ ਜੀ ਨੇ ਦਸਿਆ ਕਿ ਪਹਿਲੇ ੮ ਦਿਨ ਤਾਂ ਨਾਮਧਾਰੀ ਫਾਰਮਜ਼ ਗੋਲਾ ਵਿਖੇ ਹੀ ਰਹੇ। ਇਸ ਵਿਚੋਂ ੪ ਤਾਰੀਖ ਨੂੰ ਨੈਨੀਤਾਲ ਜਾ ਰਹੇ। ਰਾਤ ਇਕ ਹੋਟਲ ਦੇ ਖੁਲ੍ਹੇ ਕਮਰੇ ਵਿਚ ਹੀ ਕੱਟੀ, ਕੇਵਲ ੬੨/- ਰਾਤ ਦੇ ਕੇ। ਨਾਲ ਸਨ ਮਾਤਾ ਸੀ, ਠਾਕੁਰ ਉਦੈ ਸਿੰਘ ਜੀ, ਪੂਰਬਾ, ਸਕੱਤਰ ਸੰਤ ਤਰਸੇਮ ਸਿੰਘ, ਸ੍ਰ: ਸੁਰਜੀਤ ਸਿੰਘ ਯੂ. ਕੇ. ਵਾਲੇ। ਪ੍ਰਬੰਧ ਲਈ ਹਰਪਾਲ ਸਿੰਘ ਸਪੁਤਰ ਸੰਤ ਸ਼ਿਮਣ ਸਿੰਘ ਪਹਿਲਾਂ ਪਹੁੰਚਿਆ ਹੋਇਆ ਸੀ। ਅਗਲੀ ਸਵੇਰੇ ਸੜਕ ਸਫਰ ਕਰਕੇ ਗੋਲੇ ਪਹੁੰਚ ਗਏ। ੯-੬-੭੮ ਨੂੰ ਲਖਨਊਓਂ ਹਵਾਈ ਸਫਰ ਦੁਆਰਾ ਰਾਂਚੀ ਪਧਾਰੇ ਜਿਥੇ ਸਤਿਗੁਰੂ ਜੀ ਨਾਲ ਕੇਵਲ ਸੰਤ ਮਹਿੰਦਰ ਸਿੰਘ ਪੂਰਬਾ ਗਿਆ। ਏਥੇ ਡਾਲਟਨ ਗੰਜ ਵਾਲੇ ਸੇਠ ਕਿਰਪਾਲ ਸਿੰਘ, ਮਹਿੰਦਰ ਸਿੰਘ, ਸੰਤ ਬਲਵੰਤ ਸਿੰਘ, ਅਮਰ ਸਿੰਘ ਅਤੇ ਪ੍ਰੋ: ਇੰਦਰ ਸਿੰਘ ਵੀ ਆ ਪੁਜੇ। ਪਹਿਲਾਂ ਤਾਂ ਅੱਜ ਹੀ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ ਅਠਨਵਾਂ ਸਵਰਗਵਾਸ ਦਿਨ ਮਨਾਉਣ ਲਈ ਹਜ਼ਾਰੀ ਬਾਗ ਪਹੁੰਚਣ ਲਈ ਕਿਹਾ ਗਿਆ। ਫਿਰ ਇਹਨਾਂ ਹੀ ਆਣ ਆਖਿਆ ਕਿ ਰਾਤ ਰਾਂਚੀ ਹੀ ਆਰਾਮ ਕੀਤਾ ਜਾਏ।

ਮੇਲਾ ਹਜ਼ਾਰੀ ਬਾਗ਼ ਦਾ

ਸਤਿਗੁਰੂ ਜੀ ਨੇ ਦਸਿਆ ਕਿ ਅਗਲੇ ਦਿਨ ਹਜ਼ਾਰੀ ਬਾਗ ਵਿਖੇ ਸੂਬਾ ਸਾਹਿਬ ਸਿੰਘ ਜੀ ਦੇ ਬਾਰੇ ਦੀਵਾਨ ਦਾ ਪ੍ਰਬੰਧ ਡਾਲਟਨ ਗੰਜ ਦੀ ਸਾਧ ਸੰਗਤ ਨੇ ਕੀਤਾ।

ਰਾਂਚੀ ਵਿਚ ਜਦੋਂ ਵੀ ਸੱਚੇ ਪਾਤਸ਼ਾਹ ਜਾਣ ਸ: ਇੰਦਰ ਸਿੰਘ ਮੈਜਿਸਟਰੇਟ ਨੂੰ ਹੀ ਸੇਵਾ ਦਾ ਸੁਭਾਗ ਮਿਲਦਾ ਹੈ। ਇੰਦਰ ਸਿੰਘ ਜੀ ਦੇ ਇਕ ਮਿੱਤਰ, ਸਿੰਘ ਸਭੀਏ ਸ: ਅੰਗਦ ਸਿੰਘ ਹਨ ਜਿਨ੍ਹਾਂ ਦੇ ਘਰ, ਗੁਰੂ ਆਗਿਆ ਅਨੁਸਾਰ, ਹਜ਼ਾਰੀ ਬਾਗ ਆਉਣ ਵਾਲੀ ਸੰਗਤ ਦੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਸ: ਅੰਗਦ ਸਿੰਘ ਦਾ ਸਤਿਗੁਰੂ ਜੀ ਦੇ ਚਰਨਾਂ ਨਾਲ ਗੂੜਾ ਸਨੇਹ ਹੈ।

ਹੋਰ ਕਈ ਪਰਕਾਰ ਦੀ ਸਿਆਸੀ ਸਮਾਜੀ ਗੱਲਬਾਤ ਕਰਦਿਆਂ ਰਾਤ ਦੇ ੧੦ ਵਜ ਗਏ। ਅਸਾਂ ਘਰੀਂ ਜਾਣ ਦੀ ਆਗਿਆ ਲਈ। ਸੱਚੇ ਪਾਤਸ਼ਾਹ ਜੀ ਨੇ ੧੨ ਵਜੇ ਰਾਤੀਂ ਮਹਾਰਾਜ ਬੀਰ ਸਿੰਘ ਜੀ ਨੂੰ ਫੋਨ ਕਰਨਾ ਸੀ।

੧੨ ਜੂਨ ੧੯੭੮ ਸੋਮਵਾਰ
ਨਵੀਂ ਦਿੱਲੀ

ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਹੋਇਆ। ਜਦੋਂ ਨੂੰ ਮੈਂ ਪਰਵਾਰ ਸਮੇਤ ਪੁੱਜਾ ਕੀਰਤਨ ਦੀ ਸਮਾਪਤੀ ਹੋ ਚੁਕੀ ਸੀ ਅਤੇ ਸਤਿਗੁਰੂ ਜੀ ਕਿਸੇ ਵਿਅਕਤੀ ਦੇ ਸਮਾਜਕ ਬਾਈਕਾਟ ਬਾਰੇ ਜ਼ਿਕਰ ਕਰ ਰਹੇ ਸਨ, ਕਿਸੇ ਨੇ ਵਿਆਹ ਮਰਿਆਦਾ ਦੀ ਉਲੰਘਣਾ ਕਰਕੇ ਕੀਤਾ ਸੀ।

ਅਪਨੇ ਕਥਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ਼: ਦਲਜੀਤ ਸਿੰਘ-ਪਰਮਜੀਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਜੀ ਨੂੰ ਸਾਧ ਸੰਗਤ ਵਿਚ ਖਲੋਕੇ ਦਰਸ਼ਨ ਦੇਣ ਲਈ ਕਿਹਾ। ਕਿਉਂਕਿ ਵਡਾ ਵੀਰ ਵੇਟ ਲਿਫਟਰ ਤੇ ਛੋਟਾ ਗੋਲਾ ਸੁੱਟਣ ਵਾਲਿਆਂ 'ਚੋਂ ਹੈ। ਇਹ ਨਵੇਂ ਨਵੇਂ ਸਿੰਘ ਸਜੇ ਹਨ।

ਸਤਿਗੁਰੂ ਜੀ ਨੇ ਸ: ਹੰਸਪਾਲ ਨੂੰ ਹੁਕਮ ਕੀਤਾ ਸੀ ਕਿ ਉਹ ਠੇਕੇਦਾਰ ਗੁਰਬਚਨ ਸਿੰਘ ਰਾਜੌਰੀ ਗਾਰਡਨ ਦੇ ਲੜਕੇ ਗੁਰਨਾਮ ਸਿੰਘ ਨੂੰ ਵੀ ਬੁਲਾ ਲੈਣ। ਤਾਕਿ ਪਰਸਪਰ ਪ੍ਰੇਮ ਵੀ ਤੇ ਗੁਣ ਦਾ ਆਦਾਨ ਪ੍ਰਦਾਨ ਹੋ ਜਾਵੇ। ਉਹ ਵੀ ਕਾਲਿਜ ਰਹਿੰਦਿਆਂ ਭਾਰ-ਚੋਕਾ ਸੀ।

ਸਤਿਗੁਰੂ ਜੀ ਨੇ ਉਪਰੋਕਤ ਦੋਹਾਂ ਭਰਾਵਾਂ ਦੀ ਸ਼ਕਤੀ

Sri Satguru Jagjit Singh Ji Elibrary NamdhariElibrary@gmail.com

ਗੁਣ ਅਤੇ ਸਿਖੀ ਵਲ ਪਹੁੰਚ ਦੀ ਪ੍ਰਸੰਸਾ ਕਰਕੇ ਦੀਵਾਨ ਦੀ ਸਮਾਪਤੀ ਕਰ ਦਿਤੀ ।

ਸਤਿਗੁਰੂ ਜੀ ਕੋਠੀ ਗਏ ਤਾਂ ਇਹ ਪਿਤਾ ਪੁਤਰ ਵੀ ਦੂਜੀ ਗੱਡੀ ਤੇ ਨਾਲ ਗਏ ਤੇ ਕੁਛ ਸਮਾਂ ਸਤਿਗੁਰੂ ਜੀ ਨਾਲ ਇਕਾਂਤ ਵਿਚ ਬੈਠੇ ।

ਸੰਗੀਤ ਸਿਖਾਂਦਰੂ

ਉਪਰੰਤ ਸਤਿਗੁਰੂ ਜੀ ਦਿੱਲੀ ਵਿਚ ਸੰਗੀਤ ਸਿੱਖਣ ਵਾਲੇ ਬੱਚਿਆਂ ਨਾਲ ਬੈਠੇ । ਸ੍ਰੀ ਸੰਤੋਖ ਸਿੰਘ ਭੈ: ਸਾ: ਦਾ ਲੜਕਾ ਸੁਰਿੰਦਰ ਸਿੰਘ ਜੁ ਅਜ ਕਲ ਗੁਰਦੇਵ ਸਿੰਘ (ਸਰੋਦ) ਤੋਂ ਦਿਲਰੁਬਾ ਸਿਖਦਾ ਹੈ, ਉਸ ਤੋਂ ਦਿਲਰੁਬਾ ਸੁਣਿਆ । ਏਸੇ ਉਸਤਾਦ ਤੋਂ ਸੰਤ ਸੁਖਦਰਸ਼ਨ ਸਿੰਘ ਦਾ ਲੜਕਾ ਰਜਿੰਦਰ ਸਿੰਘ ਵੀ ਦਿਲਰੁਬਾ ਦੀ ਸਿਖਿਆ ਲੈਂਦਾ ਹੈ, ਇਸਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਸੁਣਿਆ । ਤਬਲੇ ਤੇ ਸੰਗਤ ਕਰਨ ਵਾਲੇ ਸਨ ਹਰਭਜਨ ਸਿੰਘ, ਪੱਪੂ ਸੁਰਜੀਤ ਅਤੇ ਸ੍ਰੀ ਜੈ ਇੰਦਰ ਸਿੰਘ ਮੰਡੀ ।

ਕੁਝ ਮਾਇਆ ਮਾਤਾ ਜੀ ਦੇ ਭਤੀਜੇ, ਸੰਤ ਬਲੀ ਸਿੰਘ ਲੜਕੇ ਅਮਰ ਸਿੰਘ ਤੋਂ ਧਰਵਾਕੇ ਨ੍ਰਿਤਾਕਾਰ ਉਸਤਾਦ ਦੇ ਬਿਰਜੂ ਮਹਾਰਾਜ ਦੇ ਸ਼ਾਗਿਰਦ ਬੈਠਾਇਆ ।

ਜਿਸ ਘੜੀ ਮੈਂ ਕੋਠੀ ਪਹੁੰਚਾ । ਸਤਿਗੁਰੂ ਜੀ ਬੈਠਣ ਕਮਰੇ ਦਾ ਬੂਹਾ ਬੰਦ ਕਰਵਾ ਅੰਦਰ ਬੱਚਿਆਂ ਨੂੰ ਸੁਣ ਰਹੇ ਸਨ । ਮੈਂ ਝਾਕਿਆ ਤਾਂ ਸੰਤ ਪਿਆਰਾ ਸਿੰਘ ਦੇ ਲੜਕੇ ਸੁਰਜੀਤ ਸਿੰਘ ਸ਼ਾਗਿਰਦ ਪੰਡਤ ਰਾਮ ਨਾਰਾਇਣ ਜੀ ਤੋਂ ਸਾਰੰਗੀ ਵਾਦਨ ਸੁਣ ਰਹੇ ਸਨ । ਪੱਪੂ ਸਚਿੰਦਰ ਸਿੰਘ ਤਬਲਾ ਵਜਾ ਰਿਹਾ ਸੀ । ਸੁਰਜੀਤ ਅਜੇ ਸਾਰੰਗੀ ਤੇ ਸਾ ਰੇ ਗਾ ਮਾ ਹੀ ਵਜਾਂਦਾ ਰਿਹਾ ਉਸਨੂੰ ਅਜੇ ਹੋਰ ਕੁਛ ਨਹੀਂ ਆਉਂਦਾ । ਇਹ ਸਾਰੰਗੀ ਵਿਦਿਆਰਥੀ ਹਫਤੇ ਡੇਢ ਦਾ ਹੀ ਅਪਣੇ ਉਸਤਾਦ ਪੰ: ਜੀ ਤੋਂ ਸਿਖ ਕੇ ਬੰਬਈ ਤੋਂ ਆਇਆ ਹੈ । ਸੱਚੇ ਪਾਤਸ਼ਾਹ ਜੀ ਨੇ ਬੰਬਈ ਵਿਚ ਪੰ: ਸ਼ਿਵਕੁਮਾਰ ਸੰਤੂਰ-ਵਾਦਕ ਦੇ ਨਾਮਧਾਰੀ ਸ਼ਾਗਿਰਦ ਬੱਚਿਆਂ ਕਿਰਨਪਾਲ ਸਿੰਘ ਅਤੇ ਹਰਜਿੰਦਰ ਸਿੰਘ ਦੀ ਪ੍ਰਾਗਰੈਸ ਬਾਰੇ ਵੀ ਸੁਰਜੀਤ ਤੋਂ ਜਾਣਕਾਰੀ ਲਈ ।

ਫਿਰ ਥੋੜੇ ਸਮੇਂ ਲਈ ਆਪ ਨੇ ਆਪਣਾ ਦਿਲਰੁਬਾ ਸ਼ੁਰੂ ਕਰ ਲਿਆ ਅਤੇ ਉਂਗਲਾਂ ਦੇ ਨਹੁੰਆਂ ਨਾਲ ਹੀ ਸਾਰੰਗੀ ਵਾਲੀ ਗਮਕ ਕਢ ਲਈ । ਸਤਿਗੁਰੂ ਜੀ ਇਸ ਗਲੋਂ ਬੜੇ ਬੜੇ ਕੁਸ਼ਲ ਹਨ ਕਿ ਜਦੋਂ ਉਹਨਾਂ ਦੇ ਮਨ ਵਿਚ ਕੋਈ ਸੁਰ ਜਾਂ ਤਾਲ ਜਾਂ ਗੱਲ ਆ ਜਾਵੇ, ਹਰ ਹੱਥ ਆਈ ਚੀਜ਼ ਨੂੰ ਮਾਧਿਆਮ ਬਣਾਕੇ ਵਰਤ ਲੈਂਦੇ ਹਨ ।

ਜੋਧਪੁਰ ਨੂੰ ?

ਬੀਬੀ ਸੁਰਜੀਤ ਕੌਰ ਸੁਪਤਨੀ ਸੰਤ ਸੁਖਦਰਸ਼ਨ ਸਿੰਘ ਆਰਕੀਟੈਕਟ ਦੀ ਪਤਨੀ ਨੂੰ ਹਵਾਈ ਜਹਾਜ਼ ਦੁਆਰਾ ਜੋਧਪੁਰ ਲੰਗਰ ਕਰਨ ਵਾਸਤੇ, ਅੱਜ, ਭੇਜਿਆ ਗਿਆ ਹੈ ।

ਜਦੋਂ ਮੈਂ ਦੁਬਾਰਾ ਕੋਠੀ ਆਇਆ ਤਾਂ ੧੨.੩੦ ਵਜ ਚੁਕੇ ਸਨ । ਸਤਿਗੁਰੂ ਜੀ ਪ੍ਰਸ਼ਾਦ ਛਕ ਰਹੇ ਸਨ । ਬੀਬੀ ਸਤਵੰਤ ਕੌਰ ਉਨ੍ਹਾਂ ਦੀ ਨੂੰਹ ਤੇ ਪੋਤਰੀਆਂ ਵੀ ਕੋਲ ਸਨ ਤੇ ਹੋਰ ਪਿਆਰੇ ਵੀ । ਪੰਜ ਕੁ ਮਿੰਟ ਬਾਅਦ ਮੈਂ ਅੰਦਰ ਦਾਖਲ ਹੋ ਗਿਆ ਤਾਂ ਸਚੇ ਪਾਤਸ਼ਾਹ ਇਕ ਮੰਜੇ ਪਰ ਪਾਸੇ ਪਰਨੇ ਪਏ ਹੋਏ, ਸ੍ਰ: ਅਵਤਾਰ ਸਿੰਘ ਝੱਬਰ, ਸ: ਹੰਸਪਾਲ, ਸ: ਮਨਚੰਦਾ ਅਤੇ ਸ੍ਰੀ ਗੁਰਭਜਨ ਸਿੰਘ ਨਾਮਧਾਰੀ ਟਰੈਵਲਜ਼ ਨਾਲ ਕੋਈ ਵਿਹਾਰਕ ਬਚਨ ਕਰ ਰਹੇ ਸਨ ।

ਸਤਿਗੁਰੂ ਜੀ ਆਰਾਮ ਕਰਨ ਲਈ ਅੱਜ ਦੋ ਵਜੇ ਹੀ ਇਕੱਲੇ ਹੋਏ ।

ਬਾਹਰ ਆਕੇ ਸ: ਹਰਵਿੰਦਰ ਸਿੰਘ ਹੰਸਪਾਲ ਨੇ ਮੈਨੂੰ ਕਿਹਾ : ਪੂਰੇ ੩.੩੦ ਵਜੇ ਤੁਸਾਂ ਤੇ ਮੈਂ ਸਤਿਗੁਰੂ ਜੀ ਪਾਸ ਬੈਠਕੇ ਇਕ ਪੁਸਤਕ ਦੀ ਭੂਮਕਾ ਪੜ੍ਹਨੀ ਹੈ । ਮਸਾਂ ਮਸਾਂ ਵਕਤ ਲਿਆ ਹੈ ।

ਸ: ਹਰਵਿੰਦਰ ਸਿੰਘ ਹੰਸਪਾਲ ਨੇ ਦਸਿਆ : ਅੱਜ ਸਵੇਰੇ ਹੀ ਸਤਿਗੁਰੂ ਜੀ ਦਾ ਹੁਕਮ ਸੁਖਦਰਸ਼ਨ ਸਿੰਘ ਰਾਹੀਂ ਮਿਲਿਆ ਹੈ ਕਿ ਮੈਂ ਉਨ੍ਹਾਂ ਨਾਲ ਸਵੇਰੇ ਜੋਧਪੁਰ ਲਈ ਫਲਾਈਟ ਫੜਨੀ ਹੈ, ਪਰ ਕੱਲ ਤਾਂ ਆਪ ਨੇ ਹੁਕਮ ਕੀਤਾ ਨਹੀਂ । ਮੈਂ ਸਪਸ਼ਟ ਕੀਤਾ : ਸਤਿਗੁਰੂ ਜੀ ਦੇ ਨਾਲ ਰਹਿਣ ਵਾਲਾ ਜਾਂ ਜਿਸਨੂੰ ਸਤਿਗੁਰੂ ਜੀ ਪਿਆਰ ਅਥਵਾ ਪਸੰਦ ਕਰਦੇ ਹੋਣ ਉਹ ਘਰ ਬਾਰ ਤੇ ਕੰਮ ਕਾਰ ਦੀ ਦੇਖ ਰੇਖ ਓਨੇ ਵਿਚ ਹੀ ਕਰ ਸਕਦਾ ਹੈ ਜਿੰਨਾ ਸਮਾਂ ਸਤਿਗੁਰੂ ਜੀ ਤੋਂ ਦੂਰ ਹੋਵੇ ।

ਵਾਹਵਾ ! ਵਾਹਵਾ !!

ਸ਼ਾਮ ਦਾ ਦੀਵਾਨ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਚ ਸੀ । ਪਹਿਲਾਂ ਨਾਮ ਸਿਮਰਨ ਹੋ ਕੇ ਸੁਖਦੇਵ ਮੋਹਣ ਸਿੰਘ ਤੋਂ 'ਸਾਧੋ ਮਨ ਕਾ ਮਾਨ ਤਿਆਗੋ' ਸੁਣਿਆ ਗਿਆ । ਉਪਰੰਤ ਸੁਰਿੰਦਰ ਸਿੰਘ "ਸੁਮਨ" ਤੋਂ ਉਸਦੇ ਦਾੜ੍ਹੀ ਖੁਲਾਕੇ ਕੇਦਾਰੇ ਵਿਚ "ਹਰਿ ਕੇ ਨਾਮ ਕੇ ਵਿਉਪਾਰੀ" ਦਾ ਅਨੰਦ ਲਿਆ ਗਿਆ । ਕੇਦਾਰਾ ਜੰਮ ਗਿਆ ਸੀ । ਸਤਿਗੁਰੂ ਜੀ ਨੇ

Sri Satguru Jagjit Singh Ji Elibrary NamdhariElibrary@gmail.com

ਦੋ ਚਾਰ ਪ੍ਰਮਾਣ "ਹਰੀ ਕੇ ਨਾਮ ਦੇ ਵਾਪਾਰੀ" ਨੂੰ ਚਮਕਾਇਆ । ਏਸੇ ਦੋਰਾਨ ਇਕ ਕਾਗਜ਼ ਦੇ ਪੁਰਜ਼ੇ ਤੇ ਕੁਛ ਲਿਖਕੇ ਸਤਿਗੁਰੂ ਜੀ ਨੇ ਨਾਮਧਾਰੀ ਧਰਮਸਾਲਾ ਦੀ ਛੱਤ ਵਲ ਧਿਆਨ ਦਵਾਇਆ । ਇਸ ਵਿਚ ਕੁਛ ਖਰਾਬਾ ਆ ਰਿਹਾ ਸੀ ।

੬.੩੦ ਵਜੇ ਤਾਂ ਸਤਿਗੁਰੂ ਜੀ ਨੇ ਆਪ ਦਿਲਰੁਬਾ ਨੂੰ ਮੋਢੇ ਲਾ ਗਜ਼ ਖਿਚਿਆ । ਹਰਭਜਨ ਸਿੰਘ ਸਿਤਾਰ ਨੇ ਹਾਰਮੋਨੀਅਮ ਪਕੜ ਲਿਆ ਅਤੇ ਤਬਲੇ ਤੇ ਧੀਮੀ ਧੀਮੀ ਲੈ ਉਠੀ । ਸਤਿਗੁਰੂ ਜੀ ਨੇ ਆਪ ਸ਼ਬਦ ਦੀ ਟੇਕ ਛੇੜੀ : "ਜੀ ਮੈਂ ਘੋਲ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤ ਪਛਾਣਾ" ਅਤੇ ਨਾਲ ਹੀ ਇਕ ਦੋ ਮਸਤਾਨੇ ਵਾਹਵਾ ਵਾਹਵਾ ਕੂਕਾਂਦੇ ਫੁਟਕ ਪਏ ਦੀਵਾਨ ਵਿਚਾਲੇ । ਕੇਸ ਖਿਲਰ ਗਏ ਕੇਸਾਂ ਕਾ ਕਹਿ ਚੋਰ ਚੁਲਾਵਾਂ ਵਾਲੀ ਗੱਲ ਬਣ ਗਈ । ਸਾਰੇ ਮੰਡਪ ਵਿਚ ਜਿਵੇਂ ਪ੍ਰੇਮ ਅਤੇ ਵੈਰਾਗ ਦਾ ਵਾਤਾਵਰਣ ਬਣ ਗਿਆ । ਆਓ ਜ਼ਰਾ ਸ਼ਬਦ ਦੀਆਂ ਤੁਕਾਂ ਵਲ ਵੀ ਧਿਆਨ ਮਾਰ ਲਈਏ । ਸਤਿਗੁਰੂ ਸਾਹਵੇਂ ਹੋਣ ਆਪ ਗਾਉਂਦੇ ਹੋਣ ਸ਼ਬਦ ਗੁਰਬਾਣੀ ਦਾ ਹੋਵੇ, ਸੰਗੀਤ ਨਾਲ ਤਰ ਬਤਰ ਫਿਰ ਭਲਾ ਨਾਮ ਰਸੀਏ ਕਿਵੇਂ ਜਰ ਕੇ ਬਹਿਣ । ਸ਼ਬਦ ਤਾਂ ਵੇਖੋ :

ਤੈਂਡੀ ਬੰਦਸਿ ਮੈ ਕੋਇ ਨ ਡਿਠਾ
ਤੂ ਨਾਨਕ ਮਨਿ ਭਾਣਾ ।
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ
ਜੈ ਮਿਲਿ ਕੰਤੁ ਪਛਾਣਾ ।

ਸਲੋਕ ਮਹਲਾ ੫, ਆਦਿ ਗ੍ਰੰਥ, ਪੰਨਾ ੯੬੪

੭.੩੦ ਰਾਤ ਤਕ ਆਨੰਦ ਛਾਇਆ ਰਿਹਾ ।

ਸ: ਮਹਿੰਦਰ ਡਾ: ਗੰ: ਦੇ ਘਰ

ਅਰਦਾਸ ਉਪਰੰਤ ਸਤਿਗੁਰੂ ਜੀ ਕੋਠੀ ਪਧਾਰੇ । ਅਸੀਂ : ਲੇਖਕ, ਗੁਰਦੇਵ ਸਿੰਘ, ਹਰਭਜਨ ਸਿੰਘ ਸਿਤਾਰ ਅਤੇ ਸੁਰਿੰਦਰ ਸਿੰਘ ਸੁਮਨ ੮.੩੦ ਵਜਦੇ ਨੂੰ ਮੁੜ ਕੋਠੀ ਪੂਸਾ ਰੋਡ ਜਾ ਪਹੁੰਚੇ । ਸਤਿਗੁਰੂ ਜੀ ਨੇ ਸੰਤ ਸੁਖਦਰਸ਼ਨ ਸਿੰਘ ਨੂੰ ਵਿਸ਼ੇਸ਼ ਭੇਜ ਕੇ ਸ: ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਨੂੰ ਜਮਨਾ ਪਾਰ ਕ੍ਰਿਸ਼ਨ ਨਗਰੋਂ ਬੁਲਵਾਇਆ । ਆਪ ਹੇਠ ਲਿਖੇ ਸਰੀਰਾਂ ਨਾਲ ਸ: ਮਹਿੰਦਰ ਸਿੰਘ ਡਾਲਟਨ ਗੰਜ ਵਾਲਿਆਂ ਦੇ ਘਰ ਨੂੰ (ਕਰੋਲ ਬਾਗ) ਪੈਦਲ ਹੀ ਚਲ ਪਏ । ਨਾਲ ਸਨ : ਸੇਠ ਤ੍ਰਿਲੋਕ ਸਿੰਘ, ਸ: ਹਰਵਿੰਦਰ ਸਿੰਘ ਹੰਸਪਾਲ, ਸ: ਅਵਤਾਰ ਸਿੰਘ ਕਰੀਵਾਲਾ, ਸ: ਸਾਧਾ ਸਿੰਘ ਕੰਦੂਆ ਫਾਰਮ ਯੂ.ਪੀ., ਸ੍ਰੀ ਗੁਰਭਜਨ ਸਿੰਘ, ਸ: ਸੁਲਖਣ ਸਿੰਘ ਤ੍ਰੀ ਨਗਰ ਆਦਿ ਅਤੇ ਕੁਛ ਹੋਰ ਸਰੀਰ । ਪੂਰਬਾ ਨੂੰ ਪਤਾ ਨਹੀਂ ਸੀ ਲਗਾ ਬਾਅਦ ਵਿਚ ਉਸਨੂੰ ਵੀ ਬੁਲਾ ਲਿਆ ਗਿਆ । ਘਰ ਪਹੁੰਚਣ ਤਕ ਸ: ਸੇਵਾ ਸਿੰਘ ਵੀ ਪਹੁੰਚ ਗਿਆ ।

ਅਗੇ ਬੀਬੀ, ਸੁਪਤਨੀ ਸ: ਮਹਿੰਦਰ ਸਿੰਘ ਅਤੇ ਦੋ ਵਡੇ ਲੜਕੇ ਸਤਿਗੁਰੂ ਜੀ ਦੇ ਸੁਆਗਤ ਕਰਨ ਵਾਲਿਆਂ ਵਿਚ ਸਨ । ਕਮਰਾ ਖੁਲ੍ਹਾ ਸੀ । ਸਾਰੀ ਸੰਗਤ ਵਿਛੇ ਫ਼ਰਸ਼ ਤੇ ਬੈਠ ਗਈ । ਸਤਿਗੁਰੂ ਜੀ ਵਿਛੇ ਹੋਏ ਪਲੰਘ ਤੇ ਸਨ । ਘਰ ਵਾਲਿਆਂ ਖਰਬੂਜ਼ੇ, ਅੰਬ, ਅਲੀਚੀ ਆਦਿ ਫਲ ਲਿਆ ਭੇਟ ਕੀਤੇ । ਸ੍ਰੀ ਸਤਿਗੁਰੂ ਜੀ ਤੇ ਸੰਗਤ ਨੇ ਰਸਨੀਂ ਲਾਇ ਖੁਸ਼ੀਆਂ ਬਖਸ਼ੀਆਂ । ਏਥੇ ਹੀ ਇਕ ਹਾਰਮੋਨੀਅਮ ਆ ਗਿਆ । ਸੁਰਿੰਦਰ ਸਿੰਘ ਸੁਮਨ ਅਤੇ ਹਰਭਜਨ ਸਿੰਘ ਨੇ ਥੋੜਾ ਸਮਾਂ ਸੁਰ ਸਰਗਮ ਨਾਲ ਅਨੰਦ ਬੰਨ੍ਹੀ ਰਖਿਆ । ਗੱਲ ਗ਼ਜ਼ਲ ਦੀ ਤੁਰੀ ਤਾਂ ਸਤਿਗੁਰਾਂ ਬਚਨ ਕੀਤਾ : ਸੁਰ ਸਮਝ ਹੋਣ ਕਰਕੇ ਕਲਾਕਾਰ ਦੀ ਕਿਰਤ ਦਾ ਅਨੁਮਾਨ ਹੋ ਜਾਂਦਾ ਹੈ ।

ਕੋਈ ਘੰਟਾ ਭਰ ਸਮਾ ਜਾਣ, ਆਉਣ ਅਤੇ ਬੈਠਣ ਵਿਚ ਲਗਾ । ਅਤੇ ਫਿਰ ਸਤਿਗੁਰੂ ਜੀ ਕੋਠੀ ਆ ਗਏ ਸੰਗਤਾਂ ਸਮੇਤ । ਗੱਲ ਕੋਈ ਖਾਸ ਵਿਹਾਰੀ ਹੋਵੇਗੀ ਜਿਸ ਕਰਕੇ ਸੇਵਾ ਸਿੰਘ ਜੀ ਨੂੰ ਬੁਲਾਇਆ ਗਿਆ ਸੀ । ਪਰ ਕੋਠੀ ਆਉਂਦਿਆਂ ਹੀ ਸਤਿਗੁਰੂ ਜੀ ਨੇ ਸਭ ਸਜਣਾਂ ਨੂੰ ਆਖਿਆ : ਸਵੇਰੇ ਪੰਜ ਵਜੇ ਤਕ ਆਸਾ ਦੀ ਵਾਰ ਦੀ ਸਮਾਪਤੀ ਹੋ ਜਾਵੇਗੀ ਸੋ ਸਾਧ ਸੰਗਤ ਉੱਦਮ ਨਾਲ ਅਮ੍ਰਿਤ ਵੇਲੇ, ਸਕੇਸ਼ ਸ਼ਨਾਨ ਕਰਕੇ ਤਿੰਨ ਸਾਢੇ ਤਿੰਨ ਤਕ ਰਮੇਸ਼ ਨਗਰ ਪਹੁੰਚ ਜਾਵੇ ।

ਰਾਤ ਦੇ ੧੦ ਵਜ ਚੁਕੇ ਸਨ ।

(ਚਲਦਾ)

Sri Satguru Jagjit Singh Ji Elibrary NamdhariElibrary@gmail.com

GOLDEN HOLIDAYS

To

Thailand, Malayasia, Singapore
Hongkong, Japan, Europe & U. S. A.

TRAVEL WITHOUT WORRY
TRAVEL THE KWICK WAY

We assist in Passports, Visas,
Planning your itineraries Reservations,
Air Tickets – International
& Domestic,
Hotels & Car Hire.

for all your Travel & Tour requirements

Contact :

Kwick TRAVELS PVT. LTD.
2108, DESH BANDHU GUPTA ROAD.
KAROL BAGH, NEW DELHI - 110005 (INDIA)
Phones : 562588, 569206, 579646, 579648

Cable : KWICKAIR.

Sri Satguru Jagjit Singh Ji Elibrary NamdhariElibrary@gmail.com

Registered No. NW/JL—97 MONTHLY WARIAM May, June, 1984
Registered with the registrar of News Papers for India No. [illegible]53/75

Poonam Bisc[illegible]s Private Lt[illegible]

Manufacturers

of

Quality Biscuits

Office & Factory :

E-23 M. I. D. C. Area
Chikalthana, Aurangabad-431210
(Maharashtra)
Phone : 8626

Our Associates :

Harbhajan Sarbjeet & Associates

ENGINEERS & CONTRACTORS

H.O. : 72 Hazratganj Lucknow-226001
Phone : 52746

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly **WARIAM**, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com